# ਦਿ ਲੂਮਿਨਰੀ

## ਪੰਜਾਬੀ ਭਾਗ

ਸੰਪਾਦਕ
**ਡਾ. ਗੁਰਦੀਪ ਸਿੰਘ ਸੰਧੂ**
ਪੰਜਾਬੀ ਵਿਭਾਗ

ਵਿਦਿਆਰਥੀ ਸੰਪਾਦਕ
**ਸਤਨਾਮ ਸਿੰਘ**
ਐੱਮ.ਏ.ਭਾਗ-1 (ਪੰਜਾਬੀ)

## ਤਤਕਰਾ


| ਲੜੀ ਨੰ: | ਰਚਨਾ | ਲੇਖਕ | ਪੰਨਾ |
|---|---|---|---|
| 1. | ਸੰਪਾਦਕੀ | ਡਾ. ਗੁਰਦੀਪ ਸਿੰਘ ਸੰਧੂ | 50 |
| 2. | ਵਿਦਿਆਰਥੀ ਸੰਪਾਦਕ ਵੱਲੋਂ | ਸਤਨਾਮ ਸਿੰਘ | 50 |
| 3. | ਬੱਚਿਆਂ ਦਾ ਖੁੱਸਦਾ ਬਚਪਨ | ਹਿਤੈਸ਼ੀ | 50 |
| 4. | ਬੱਚਿਆਂ ਵਿੱਚ ਮਾਂ ਬੋਲੀ ਪ੍ਰਤੀ ਰੁਚੀ ਕਿਉਂ ਘੱਟ ਰਹੀ ਹੈ | ਅਰਸ਼ਪ੍ਰੀਤ ਸਿੰਘ | 51 |
| 5. | ਮੁਆਫ਼ੀ ਨਾਮਾ:ਮਾਂ ਬੋਲੀ ਪੰਜਾਬੀ ਤੋਂ | ਕਾਜਲ | 51 |
| 6. | ਅਸਲੀ ਇਨਸਾਨ | ਲਵਪ੍ਰੀਤ ਸਿੰਘ | 52 |
| 7. | ਆਰਥਿਕ ਗਿਆਨ | ਤਜਿੰਦਰ ਸਿੰਘ | 52 |
| 8. | ਕੌਣ? ਮਾਣੋ ਬਿੱਲੀ | ਸਿਮਰਤਪਾਲ ਕੌਰ | 53 |
| 9. | ਮਾਤਾ-ਪਿਤਾ | ਅਨਮੋਲ ਕੌਰ | 53 |
| 10. | ਮੇਰਾ ਕਾਲਜ | ਅਨਮੋਲ ਕੌਰ | 53 |
| 11. | ਵਿਦਿਆਰਥੀ ਵਿਦੇਸ਼ਾਂ ਵਿੱਚ ਕਿਉਂ ਜਾ ਰਹੇ ਹਨ | ਅਰਸ਼ਪ੍ਰੀਤ ਸਿੰਘ | 53 |
| 12. | ਚੱਕਰਵਿਊ | ਪ੍ਰੋ. ਦੀਪਕ ਧਲੇਵਾਂ | 54 |
| 13. | ਰਿਸ਼ਤਿਆਂ ਦੀ ਘਟਦੀ ਅਹਿਮੀਅਤ | ਸੰਦੀਪ ਕੌਰ | 55 |
| 14. | ਮਿਹਨਤ ਦਾ ਫਲ | ਰਿਤੂ ਬੇਗਮ | 55 |
| 15. | ਕਵਿਤਾ | ਸਿਮਰਨ ਕੌਰ ਸੰਧੂ | 55 |
| 16. | ਮੈਂ | ਸਮਰੀਤ ਕੌਰ | 56 |
| 17. | ਗਜ਼ਲ | ਜਗਸੀਰ | 56 |
| 18. | ਗਜ਼ਲ | ਜਗਸੀਰ | 56 |
| 19. | ਟੁੱਟਣ | ਜਗਸੀਰ | 56 |
| 20. | ਗੀਤ | ਸੰਦੀਪ ਕੌਰ | 56 |
| 21. | ਕਿਸਾਨ ਪੰਜਾਬ ਦੇ | ਸਮਰੀਤ ਕੌਰ | 57 |
| 22. | ਮਾਂ ਦੀ ਯਾਦ | ਹਰਵਿੰਦਰ ਸਿੰਘ | 57 |
| 23. | ਇਬਾਦਤ | ਪ੍ਰਗਟ ਖੋਖਰ | 57 |
| 24. | ਸੀਰੀਆ | ਪ੍ਰਗਟ ਖੋਖਰ | 58 |
| 25. | ਜ਼ੁਲਮ ਦੀ ਮਾਰੀ (ਆਸਿਫ਼ਾ) | ਹਰਵਿੰਦਰ ਸਿੰਘ | 58 |
| 26. | ਧੀ ਦਾ ਪਿਆਰ | ਹਰਵਿੰਦਰ ਸਿੰਘ | 59 |
| 27. | ਕੁਦਰਤ | ਹਰਪ੍ਰੀਤ ਕੌਰ | 59 |
| 28. | ਰਾਣੀ ਤੇ ਰਾਜਾ | ਹਰਪ੍ਰੀਤ ਕੌਰ | 59 |
| 29. | ਰੱਬਾ ਨਾ... | ਸ਼ਿਵ | 60 |
| 30. | ਆਸਿਫ਼ਾ | ਰਵਿੰਦਰ ਕੌਰ | 60 |
| 31. | ਬਚਪਨ, ਅਕਲ ਤੇ ਮਾਪੇ | ਰਵਿੰਦਰ ਕੌਰ | 60 |
| 32. | ਮਨਫ਼ੀ ਅਹਿਸਾਸ | ਸ਼ੀਖਾ | 61 |
| 33. | ਗ਼ਜ਼ਲ | ਹਰਸ਼ਦੀਪ | 61 |
| 34. | ਅੱਖਰਾ ਨੂੰ ਜੋੜ ਕੇ | ਚਮਕੌਰ ਸਿੰਘ | 61 |
| 35. | ਮੇਰਾ ਵਿਚਾਰ | ਦਿਪਾਂਸ਼ੂ | 61 |
| 36. | ਕਵਿਤਾ | ਅਮਨਦੀਪ ਕੌਰ | 62 |
| 37. | ਵਿਚਾਰ | ਰਮਣੀਕ ਕੌਰ | 62 |
| 38. | ਮਾਂ ਦੀ ਅਹਿਮੀਅਤ | ਸਿਮਰਨਜੀਤ ਕੌਰ | 63 |
| 39. | ਅੱਲ੍ਹਾ ਕੇ ਨਾਮ ਪੇ... | ਸਕੀਨਾ | 63 |
| 40. | ਗ਼ਜ਼ਲ | ਪ੍ਰੋ. ਹਰਮਨ ਸਿੰਘ | 63 |
| 41. | ਚਿੱਟਾ ਲਹੂ | ਸਤਨਾਮ ਸਿੰਘ | 64 |
| 42. | ਮੌਤ (ਸਰਦਾਰ ਭਗਤ ਸਿੰਘ ਦੇ ਨਾਮ) | ਸਤਨਾਮ ਸਿੰਘ | 64 |

## ਸੰਪਾਦਕੀ

'ਦਿ ਲੂਮਿਨਰੀ' ਮੁਲਤਾਨੀ ਮੱਲ ਮੋਦੀ ਕਾਲਜ ਦੇ ਵਿਦਿਆਰਥੀਆਂ ਲਈ ਕਾਲਜ ਪ੍ਰਸ਼ਾਸ਼ਨ ਵੱਲੋਂ ਪ੍ਰਦਾਨ ਕੀਤਾ ਅਜਿਹਾ ਸਾਰਥਕ ਮੰਚ ਹੈ, ਜਿਸ ਰਾਹੀਂ ਉਹ ਆਪਣੀਆਂ ਸਿਰਜਨਾਤਮਕ ਅਤੇ ਕਲਾਤਮਿਕ ਪ੍ਰਵਿਰਤੀਆਂ ਦਾ ਪ੍ਰਗਟਾਵਾ ਕਰਦੇ ਹਨ। ਇਸ ਮੰਚ ਰਾਹੀਂ ਉਹ ਜੀਵਨ ਦ੍ਰਿਸ਼ ਵਿਚ ਵਾਪਰ ਰਹੇ ਸੱਚ ਪ੍ਰਤੀ ਆਪਣਾ ਨਜ਼ਰੀਆ ਆਪਣੀਆਂ ਰਚਨਾਵਾਂ ਦੇ ਮਾਧਿਅਮ ਰਾਹੀਂ ਪ੍ਰਸਤੁਤ ਕਰਦੇ ਹਨ। ਹਰ ਸਮੇਂ ਦਾ ਆਪਣਾ ਸੱਚ ਹੁੰਦਾ ਹੈ, ਜੋ ਸਮਕਾਲ ਦੀਆਂ ਸਮਾਜਕ, ਰਾਜਨੀਤਕ, ਆਰਥਿਕ, ਸਭਿਆਚਾਰਕ ਅਤੇ ਧਾਰਮਿਕ ਪ੍ਰਸਥਿਤੀਆਂ ਵਿਚੋਂ ਉੱਸਰਦਾ ਹੈ। ਨੌਜਵਾਨ ਵਰਗ ਦਾ ਸਮਕਾਲੀ ਜੀਵਨ ਸੱਚ ਪ੍ਰਤੀ ਚੇਤਨ ਹੋਣਾ ਬੜਾ ਜ਼ਰੂਰੀ ਹੈ ਕਿਉਂਕਿ ਕਿਸੇ ਵੀ ਸਮਾਜ, ਦੇਸ਼ ਅਤੇ ਕੌਮ ਦਾ ਭਵਿੱਖ ਇਸ ਪੀੜ੍ਹੀ ਦੀਆਂ ਪ੍ਰਵਿਰਤੀਆਂ ਅਤੇ ਰੁਝਾਨਾ ਉੱਪਰ ਹੀ ਨਿਰਭਰ ਹੁੰਦਾ ਹੈ। ਪੰਜਾਬ ਦੇ ਸਮਕਾਲੀ ਜੀਵਨ ਦ੍ਰਿਸ਼ ਉੱਪਰ ਨਜਰਸਾਨੀ ਕਰਿਆਂ ਹਰ ਸੁਹਿਰਦ ਅਤੇ ਸੋਚਵਾਨ ਪੰਜਾਬੀ ਬੰਦੇ ਦੇ ਮਨ ਵਿਚ ਚਿੰਤਾ ਅਤੇ ਉਦਾਸੀ ਦਾ ਆਉਣਾ ਸੁਭਾਵਿਕ ਹੈ। ਇਹ ਸਮਾਂ ਚਿੰਤਾ ਦਾ ਤਾਂ ਹੈ ਪਰ ਇਸ ਵਿਚੋਂ ਬਾਹਰ ਚਿੰਤਨ ਨਾਲ ਹੀ ਆਇਆ ਜਾ ਸਕਦਾ ਹੈ। ਨੌਜਵਾਨ ਵਰਗ ਨੂੰ ਉਭਾਰੇ ਜਾ ਰਹੇ ਜੀਵਨ-ਸੱਚ ਅਤੇ ਵਾਸਤਵਿਕ ਜੀਵਨ-ਸੱਚ ਵਿਚਲੇ ਅੰਤਰ ਨੂੰ ਸਮਝਦਿਆਂ ਹੋਇਆ ਇਸ ਪ੍ਰਤੀ ਚੇਤੰਨ ਹੋਣ ਦੀ ਵੱਡੀ ਲੋੜ ਹੈ। ਜੀਵਨ ਦੇ ਜਿਹੜੇ ਮਸਲੇ ਮੀਡੀਏ ਦੇ ਵੱਡੇ ਹਿੱਸੇ ਵੱਲੋਂ, ਧਾਰਮਿਕ ਅਤੇ ਰਾਜਨੀਤਕ ਸ਼ਕਤੀਆਂ ਵੱਲੋਂ ਪੇਸ਼ ਕੀਤੇ ਜਾ ਰਹੇ ਹਨ, ਉਹਨਾਂ ਦੇ ਪ੍ਰਭਾਵ ਥੱਲੇ ਜੀਵਨ ਦੇ ਜੋ ਵਾਸਤਵਿਕ ਮਸਲੇ ਹਨ, ਉਨ੍ਹਾਂ ਨੂੰ ਗੈਰ ਪ੍ਰਸੰਗਿਕ ਬਣਾਉਣ ਦੀ ਜੋ ਸ਼ੈਤਾਨੀ ਚਾਲ ਖੇਡੀ ਜਾ ਰਹੀ ਹੈ, ਉਸ ਪ੍ਰਤੀ ਸੁਚੇਤ ਰਹਿਣ ਦੀ ਜ਼ਰੂਰਤ ਹੈ। ਪੰਜਾਬ ਦਾ ਵਿਦਿਅਕ ਪ੍ਰਬੰਧ, ਸਿਹਤ-ਪ੍ਰਬੰਧ ਅਤੇ ਸਭਿਆਚਾਰ ਤਬਾਹ ਕੀਤਾ ਜਾ ਰਿਹਾ ਹੈ। ਪੰਜਾਬ ਦੀ ਧਰਤੀ ਬੰਜਰ ਬਨਣ ਦੇ ਨਿਰੰਤਰ ਰਾਹ ਤੇ ਹੈ, ਵਾਤਾਵਰਣ ਪਲੀਤ ਹੋ ਚੁੱਕਿਆ ਹੈ, ਬੇਰੁਜ਼ਗਾਰੀ ਨੇ ਨੌਜਵਾਨਾਂ ਨੂੰ ਆਪਣੀ ਜੰਮਣ-ਭੋਇੰ ਛੱਡ ਵਿਦੇਸ਼ਾਂ ਵੱਲ ਜਾਣ ਲਈ ਮਜ਼ਬੂਰ ਕਰ ਦਿੱਤਾ ਹੈ। ਕਿਸਾਨੀ ਤਬਾਹ ਹੋ ਚੁੱਕੀ ਹੈ, ਕਿਸਾਨ ਖੁਦਕੁਸ਼ੀਆਂ ਦੇ ਰਾਹ ਪੈ ਗਏ ਹਨ। ਪੰਜਾਬ ਅੰਦਰ ਨਿੱਤ ਨਵੇਂ ਦਿਨ ਅਜਿਹੇ ਅਪਰਾਧ ਅਤੇ ਜ਼ੁਰਮ ਵਾਪਰ ਰਹੇ ਹਨ ਜਿੰਨਾਂ ਦਾ ਕਦੀ ਇਸ ਧਰਤੀ ਉੱਪਰ ਨਾਮ ਵੀ ਨਹੀਂ ਸੀ ਸੁਣਿਆ। ਜਿਸ ਪੰਜਾਬ ਦੀ ਧਰਤੀ ਉਪਰੋਂ ਅੱਜ ਤੋਂ 550 ਵਰ੍ਹੇ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਸੰਵਾਦ ਨਾਲ ਜੋੜਣ ਦੀ ਰੀਤ ਤੋਰੀ ਸੀ, ਉਸੇ ਪੰਜਾਬ ਦਾ ਪੰਜਾਬੀ ਬੰਦਾ ਅੱਜ ਚਿੰਤਨ ਅਤੇ ਸੋਚ ਨੂੰ ਤਿਲਾਂਜਲੀ ਦੇ ਚੁੱਕਾ ਹੈ। ਇਹਨਾਂ ਪ੍ਰਸਥਿਤੀਆਂ ਦੇ ਸਨਮੁਖ ਖੜੀ ਸਾਡੀ ਸਮਕਾਲੀ ਨੌਜਵਾਨ ਵਿਦਿਆਰਥੀ ਪੀੜ੍ਹੀ ਸੱਚ ਮੁਚ ਹੀ ਜੀਵਨ ਦੇ ਅਤਿਅੰਤ ਸੰਵੇਦਨਸ਼ੀਲ ਪੜਾਅ ਵਿਚੋਂ ਗੁਜਰ ਰਹੀ ਹੈ। ਪਰ ਇਹ ਵੀ ਸੱਚ ਹੈ ਕਿ ਜਦੋਂ ਤੱਕ ਇਕ ਵੀ ਦੀਵਾ ਜਗ ਰਿਹਾ ਹੁੰਦਾ ਹੈ, ਉਹ ਹਨੇਰਿਆਂ ਨੂੰ ਚਣੌਤੀ ਦੇਣ ਦੇ ਸਮਰੱਥ ਹੁੰਦਾ ਹੈ। ਇਸ ਵਰ੍ਹੇ ਦੇ ਕਾਲਜ ਮੈਗਜੀਨ ਦੇ ਪੰਜਾਬੀ ਸੈਕਸ਼ਨ ਵਿਚ ਪ੍ਰਸਤੁਤ ਵਿਦਿਆਰਥੀ ਲੇਖਕਾਂ ਦੀਆਂ ਰਚਨਾਵਾਂ ਵਿਚੋਂ ਇਹ ਜਗਦਾ ਦੀਵਾ ਨਜ਼ਰ ਆਉਂਦਾ ਹੈ। ਵਿਦਿਆਰਥੀਆਂ ਅੰਦਰ ਚੇਤਨਤਾ ਦੀ ਅਜਿਹੀ ਚਿਣਗ ਲਾਉਣੀ ਹੀ ਇਸ ਮੰਚ ਦਾ ਮਕਸਦ ਹੈ। ਮੈਨੂੰ ਪੂਰਨ ਤਸੱਲੀ ਹੈ ਕਿ ਸਾਡੇ ਵਿਦਿਆਰਥੀ ਹਰ ਹਨੇਰੇ ਨੂੰ ਚੇਤਨਤਾ ਦੇ ਪ੍ਰਕਾਸ਼ ਨਾਲ ਮਾਤ ਦੇਣ ਦੇ ਸਮਰੱਥ ਹਨ। ਮੈਂ ਇਹ ਮੰਚ ਪ੍ਰਦਾਨ ਕਰਨ ਅਤੇ ਇਸ ਨੂੰ ਨਿਰੰਤਰ ਜਾਰੀ ਰੱਖਣ ਲਈ ਪ੍ਰਿੰਸੀਪਲ ਸਾਹਿਬ ਅਤੇ ਮੁੱਖ ਸੰਪਾਦਕ ਜੀ ਦਾ ਵਿਸ਼ੇਸ਼ ਰੂਪ ਵਿਚ ਧੰਨਵਾਦ ਕਰਦਾ ਹਾਂ ਅਤੇ ਨਾਲ ਹੀ ਉਹਨਾਂ ਨਵੀਆਂ ਕਲਮਾਂ ਦਾ ਸਵਾਗਤ ਕਰਦਾ ਹਾਂ ਜਿਹਨਾਂ ਨੇ ਇਸ ਅੰਕ ਲਈ ਆਪਣੀਆਂ ਮੁੱਲਵਾਨ ਰਚਨਾਵਾਂ ਦਿੱਤੀਆਂ ਹਨ।

**ਡਾ. ਗੁਰਦੀਪ ਸਿੰਘ ਸੰਧੂ**
**ਮੁਖੀ**
**ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ**

## ਵਿਦਿਆਰਥੀ ਸੰਪਾਦਕ ਵੱਲੋਂ

ਇਸ ਸਾਲ ਦੇ 'ਦਿ ਲੂਮਿਨਰੀ' ਮੈਗਜ਼ੀਨ ਦੇ ਪੰਜਾਬੀ ਭਾਗ ਲਈ ਵਿਦਿਆਰਥੀਆਂ ਦੀਆਂ ਰਚਨਾਵਾਂ ਇਕੱਤਰ ਕਰਦਿਆਂ ਅਤੇ ਪੜ੍ਹਦਿਆਂ ਮਨ ਨੂੰ ਬੜੀ ਤਸੱਲੀ ਹੋਈ ਕਿ ਸਾਡਾ ਵਿਦਿਆਰਥੀ ਵਰਗ ਆਪਣੇ ਸਮਕਾਲੀ ਜੀਵਨ ਪ੍ਰਤੀ ਚੇਤੰਨ ਹੈ। ਬਹੁਤ ਸਾਰੇ ਵਿਦਿਆਰਥੀਆਂ ਦੀਆਂ ਰਚਨਾਵਾਂ ਛਪ ਨਹੀ ਸਕੀਆ, ਮੈਂ ਉਹਨਾ ਲੇਖਕ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਦੀ ਅਪੀਲ ਕਰਦਾ ਹਾਂ ਅਤੇ ਨਾਲ ਇਹ ਦੱਸਣਾ ਵੀ ਜਰੂਰੀ ਸਮਝਦਾ ਹਾਂ ਕਿ ਨਿਰੰਤਰ ਸਾਧਨਾ ਹੀ ਲਿਖਤ ਵਿੱਚ ਪਰਪੱਕਤਾ ਲਿਆਂਉਦੀ ਹੈ।ਮੈਂ ਪੰਜਾਬੀ ਸੈਕਸ਼ਨ ਦੇ ਸੰਪਾਦਕ ਡਾ. ਗੁਰਦੀਪ ਸਿੰਘ ਜੀ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਮੈਨੂੰ ਇਹ ਜਿੰਮੇਵਾਰੀ ਦਿੱਤੀ।

**ਸਤਨਾਮ ਸਿੰਘ**
(ਐਮ.ਏ.1) ਪੰਜਾਬੀ

## ਬੱਚਿਆਂ ਦਾ ਖੁੱਸਦਾ ਬਚਪਨ

ਉਮਰਾਂ ਤੱਕ ਨਹੀਂ ਭੁਲਦੇ ਮੀਤ ਪੁਰਾਣੇ ਬਚਪਨ ਦੇ,
ਮੁੜਕੇ ਨਹੀਓਂ ਆਉਂਦੇ ਦਿਨ ਮਰਜਾਣੇ ਬਚਪਨ ਦੇ।

ਬਚਪਨ ! ਬਚਪਨ ! ਬਚਪਨ ! ਕਿੱਥੇ ਗਿਆ ਉਹ ਹੱਸਦਾ ਖੇਡਦਾ ਬਚਪਨ ? ਕਿੱਥੇ ਗਈ ਉਹ ਮਿੱਟੀ ਵਿੱਚ ਖੇਡਣ ਦੀ ਖੁਸ਼ਬੂ? ਕਿੱਥੇ ਗਈਆਂ ਉਹ ਪਾਣੀ ਵਿੱਚ ਤਾਰੀਆਂ? ਨੰਗੇ-ਪਿੰਡੇ ਮੀਂਹ ਵਿੱਚ ਨਹਾਉਣਾ, ਪੰਛੀਆਂ ਪਿੱਛੇ ਭੱਜਦੇ ਭੱਜਦੇ ਉਡਾਰੀਆਂ ਮਾਰਨੀਆਂ ਕਿੱਥੇ ਗਈ ਸਾਡੀ ਬਚਪਨ ਦੀ ਰੂਹ? ਯਾਦ ਆਉਂਦਾ ਹੈ ਉਹ ਅਜ਼ਾਦ ਬਚਪਨ ਜੋ ਅੱਜ ਇੱਕ ਚਾਰ ਦਿਵਾਰੀ ਵਿੱਚ ਹੀ ਕੈਦ ਹੋ ਕੇ ਰਹਿ ਗਿਆ ਹੈ। ਅੱਜ ਛੋਟੀ ਜਿਹੀ ਉਮਰ ਤੋਂ ਹੀ ਬੱਚਿਆਂ ਨੂੰ ਸਕੂਲਾਂ ਦੇ ਭਾਰ ਹੇਠ ਦੱਬ ਦਿੱਤਾ ਜਾਂਦਾ ਹੈ। ਬੇਸ਼ਕ ਸਰਕਾਰ ਨੇ ਇੱਕ ਉਮਰ ਨਿਰਧਾਰਿਤ ਕੀਤੀ ਹੈ ਪਰ ਸਾਡੀਆਂ ਸਿੱਖਿਅਕ ਦੁਕਾਨਦਾਰੀਆਂ ਨੇ ਮਾਹੌਲ ਬਹੁਤ ਖਰਾਬ ਕਰ ਦਿੱਤਾ ਹੈ। ਅੱਜ ਬੱਚੇ ਦੇ ਜੰਮਣ ਤੋਂ ਪਹਿਲਾਂ ਹੀ ਉਸਦਾ ਦਾਖ਼ਲਾ ਕਰਾ ਦਿੱਤਾ ਜਾਂਦਾ ਹੈ। ਭਾਵੇਂ ਕੁੱਝ ਮਾਂ-ਬਾਪ ਤਾਂ ਬੱਚੇ ਨੂੰ ਖੇਲਣ-ਕੁੱਦਣ ਲਈ ਹੀ ਸਕੂਲ ਲਗਾਉਂਦੇ ਹਨ ਪਰ ਉਹ ਇਹ ਭੁੱਲ ਜਾਂਦੇ ਹਨ ਕਿ ਇੱਕ ਬੱਚਾ ਪਰਿਵਾਰ ਵਿੱਚ ਰਹਿਕੇ ਜਿੰਨਾ ਤੰਦਰੁਸਤ ਬਣਦਾ ਹੈ ਹੋਰ ਕਿਤੇ ਨਹੀਂ। ਸੰਯੁਕਤ ਪਰਿਵਾਰ ਵਿੱਚ ਰਹਿੰਦਿਆਂ ਪਹਿਲਾਂ ਬੱਚਿਆਂ ਨੂੰ ਸਭ ਦਾ ਪਿਆਰ ਮਿਲਦਾ ਸੀ ਅਤੇ ਉਹ ਕਦੇ ਵੀ ਇਕੱਲੇਪਣ ਦਾ ਸ਼ਿਕਾਰ ਨਹੀਂ ਸੀ ਹੁੰਦਾ। ਅੱਜ ਦੇ ਸਮਾਜ ਵਿੱਚ ਇਕਹਿਰੇ ਪਰਿਵਾਰਾਂ ਦੇ ਆ ਜਾਣ ਕਾਰਨ ਜਿੱਥੇ ਮਾਂ ਬਾਪ ਦੋਨੋਂ ਹੀ ਕੰਮ ਕਰਦੇ ਹਨ ਅਤੇ ਇਸੇ ਕਾਰਨ ਉਹ ਆਪਣੇ ਬੱਚੇ ਨੂੰ ਮੁੱਲ ਦੀ ਦੇਖਭਾਲ ਕਰਤਾ ਰੱਖ ਦਿੰਦੇ ਹਨ ਜੋ ਸਵੇਰ ਤੋਂ ਰਾਤ ਤੱਕ ਉਸਦਾ ਪਾਲਣ ਪੋਸ਼ਣ ਕਰਦੀ ਹੈ। ਭਾਵੇਂ ਉਹ ਮਾਂ-ਬਾਪ ਆਪਣੇ ਬੱਚੇ ਦੇ ਭਵਿੱਖ ਲਈ ਹੀ ਪੈਸਾ ਕਮਾਉਂਦੇ ਹਨ ਪਰ ਕੀ ਫਾਇਦਾ ਅਜਿਹੇ ਪੈਸੇ ਦਾ ਜੋ ਬੱਚੇ ਨੂੰ ਆਪਣੇ ਮਾਂ-ਬਾਪ ਤੇ ਮਾਂ-ਬੋਲੀ ਤੋਂ ਹੀ ਦੂਰ ਕਰ ਦਵੇ। ਜਿਨਾਂ ਘਰਾਂ ਵਿੱਚ ਔਰਤਾਂ ਘਰ ਹੀ ਰਹਿੰਦੀਆਂ ਹਨ, ਉਹ ਵੀ ਆਪਣੀ ਅਜ਼ਾਦੀ ਨੂੰ ਮਾਨਣ ਲਈ ਫੈਸ਼ਨ ਦੀ ਆੜ ਵਿੱਚ ਆ ਕੇ ਨੌਕਰਾਣੀਆਂ ਰੱਖ ਲੈਂਦੀਆਂ ਹਨ। ਕੀ ਇੱਕ ਦੇਖਭਾਲ ਕਰਤਾ ਬੱਚੇ ਨੂੰ ਉਹ ਬਚਪਨ ਦੇ ਸਕਦੀ ਹੈ ਜੋ ਉਸਨੂੰ ਘਰ ਦੇ ਚੌਗਿਰਦੇ ਵਿੱਚ ਮਿਲਦਾ ਹੈ? ਕੀ ਉਹ ਬੱਚਾ ਮਿਲਨਸਾਰ ਬਣਦਾ ਹੈ? ਇਹੀ ਕਾਰਨ ਹੈ ਕਿ ਅੱਜ ਸਾਡੇ ਸਮਾਜ ਵਿੱਚ ਬਿਰਧ ਆਸ਼ਰਮ ਵੱਧ ਰਹੇ ਹਨ ਅਤੇ ਅੱਜ ਦਾ ਬੱਚਾ ਇਕੱਲੇਪਣ ਦਾ ਸ਼ਿਕਾਰ ਹੋ ਕੇ ਨਸ਼ਿਆਂ ਵੱਲ ਜਾ ਰਿਹਾ ਹੈ। ਹੋਰ ਤਾਂ ਹੋਰ ਅੱਜ ਦੇ ਇਸ ਫੈਸ਼ਨ ਨੇ ਮਾਂ-ਬਾਪ ਨੂੰ ਪੈਸੇ ਕਮਾਉਣ ਵਾਲੀ ਮਸ਼ੀਨ ਹੀ ਬਣਾ ਦਿੱਤਾ ਹੈ। ਇਸ ਖੁਸਦੇ ਜਾ ਰਹੇ ਬਚਪਨ ਦਾ ਕਾਰਨ ਸਾਡੀ ਅੱਜ ਦੀ ਤਕਨੀਕ ਵੀ ਹੈ। ਬੇਸ਼ੱਕ ਇਹ ਤਕਨੀਕਾਂ ਨੇ ਸਾਨੂੰ ਬਹੁਤ ਅੱਗੇ

ਪਹੁੰਚਾ ਦਿੱਤਾ ਹੈ ਪਰ ਜਿਵੇਂ ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ ਉਸੇ ਤਰ੍ਹਾਂ ਇਸਨੇ ਸਾਨੂੰ ਬਹੁਤ ਪਿੱਛੇ ਵੀ ਧੱਕ ਦਿੱਤਾ ਹੈ। ਅੱਜ ਦੇ ਬੱਚੇ ਮਾਂ-ਬਾਪ ਦੇ ਪਿਆਰ, ਦਾਦੀ-ਦਾਦੇ ਦੀਆਂ ਕਹਾਣੀਆਂ, ਚਾਚਾ-ਚਾਚੀ ਦੇ ਲਾਡ ਤੋਂ ਵਾਂਝੇ ਹੋਕੇ ਮੋਬਾਇਲ ਫੋਨਾਂ ਵਿੱਚ ਹੀ ਸੀਮਿਤ ਹੋ ਕੇ ਰਹਿ ਗਏ ਹਨ। ਅੱਜ ਦੇ ਸਮਾਜ ਵਿੱਚ ਅਸੀਂ ਇੰਟਰਨੈਟ ਦੀ ਦੁਨੀਆ ਵਿੱਚ ਰਹਿਣ ਲੱਗ ਪਏ ਹਾਂ ਜਿਸਦੇ ਕਾਰਨ ਸਾਡੇ ਬੱਚੇ ਆਪਸੀ ਪਿਆਰ, ਮਿਤੱਰਤਾ, ਨਿਮਰਤਾ, ਸਤਿਕਾਰ ਆਦਿ ਨੈਤਿਕ ਮੁੱਲਾਂ ਅਤੇ ਕਦਰਾਂ ਨੂੰ ਭੁੱਲਦੇ ਜਾ ਰਹੇ ਹਨ। ਅੱਜ ਸਾਡਾ ਆਲਾ-ਦੁਆਲਾ ਵੀ ਸਾਡ ਤੋ ਪ੍ਰੇਸ਼ਾਨ ਹੋ ਕੇ ਸਾਨੂੰ ਦੁਹਾਈ ਦਿੰਦਾ ਹੈ ਕਿ;

ਦਰੱਖਤਾਂ ਤੇ ਲੱਗੇ ਅੰਬ
ਆਪ ਹੀ ਮਜ਼ਬੂਰ ਹੋਕੇ ਡਿੱਗ ਪਏ
ਕਿਉਂਕਿ ਪੱਥਰ ਮਾਰਨ ਵਾਲਾ ਬਚਪਨ
ਅੱਜਕੱਲ ਮੋਬਾਇਲਾਂ 'ਚ ਕੈਦ ਹੈ।

**ਹਿਤੈਸ਼ੀ**
**ਬੀ.ਏ. ਭਾਗ ਤੀਜਾ**

## ਬੱਚਿਆਂ ਵਿੱਚ ਮਾਂ ਬੋਲੀ ਪ੍ਰਤੀ ਰੁਚੀ ਕਿਉਂ ਘੱਟ ਰਹੀ ਹੈ

ਪੰਜਾਬੀ ਸਾਡੀ ਮਾਂ ਬੋਲੀ ਹੈ।ਇਸ ਦੀ ਕਦਰ ਕਰਨਾ ਸਾਡਾ ਮੁੱਖ ਫਰਜ਼ ਹੈ ਪਰ ਦੇਖਣ ਵਿੱਚ ਆਇਆ ਹੈ ਕਿ ਅੱਜਕੱਲ੍ਹ ਦੇ ਬੱਚਿਆਂ ਵਿਚ ਮਾਂ ਬੋਲੀ ਪ੍ਰਤੀ ਰੁਚੀ ਘਟ ਰਹੀ ਹੈ ਜੋ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ। ਜੇਕਰ ਅਸੀਂ ਆਪਣੀ ਮਾਂ ਬੋਲੀ ਦੀ ਹੀ ਕਦਰ ਨਾ ਕਰ ਸਕੇ ਤਾਂ ਅਸੀਂ ਕਿਸੇ ਵੀ ਬੋਲੀ ਦੀ ਕਦਰ ਨਹੀਂ ਕਰ ਸਕਦੇ। ਮਾਂ ਬੋਲੀ ਦੀ ਕਦਰ ਕਰਨਾ ਸਾਡਾ ਸਭ ਤੋਂ ਮੁੱਢਲਾ ਫਰਜ਼ ਹੋਣਾ ਚਾਹੀਦਾ ਹੈ। ਮਾਂ ਬੋਲੀ ਦੀ ਮਹੱਤਤਾ ਬਾਰੇ ਬੱਚਿਆਂ ਨੂੰ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ।ਮਾਂ ਬੋਲੀ ਤੋਂ ਭਾਵ ਸਾਡੀ ਮਾਂ ਦੀ ਬੋਲੀ ਤੋਂ ਹੈ ਜੋ ਕਿ ਪੰਜਾਬੀ ਭਾਸ਼ਾ ਦੇ ਰੂਪ ਵਿੱਚ ਸਾਨੂੰ ਵਿਰਾਸਤ ਵਿਚ ਮਿਲੀ ਹੈ। ਗੁਰੂਆਂ-ਪੀਰਾਂ ਦੀਆਂ ਬਾਣੀਆਂ ਮਾਂ ਬੋਲੀ ਵਿਚ ਦਰਜ ਹਨ। ਮਾਂ ਬੋਲੀ ਬੱਚਿਆਂ ਦੇ ਮਨਾਂ ਉੱਪਰ ਗਹਿਰਾ ਪ੍ਰਭਾਵ ਪਾਉਣ ਦੇ ਨਾਲ-ਨਾਲ ਆਪਣੇ ਮਹਾਨ ਵਿਰਸੇ ਉੱਤੇ ਵੀ ਝਾਤ ਪਾਉਂਦੀ ਹੈ। ਬੱਚਿਆਂ ਨੂੰ ਸਭ ਤੋਂ ਪਹਿਲਾਂ ਮਾਂ ਬੋਲੀ ਵੱਲ ਜੋੜਨ ਵਾਲੀ ਬੱਚਿਆਂ ਦੀ ਪਹਿਲੀ ਅਧਿਆਪਕ ਉਸ ਦੀ ਮਾਂ ਹੁੰਦੀ ਹੈ।ਘਰ ਵਿੱਚ ਮਾਂ ਨੂੰ ਆਪਣੀ ਮਾਤ ਭਾਸ਼ਾ ਵਿਚ ਹੀ ਗੱਲ ਕਰਨ ਦਾ ਘਰ ਵਿੱਚ ਮਾਹੌਲ ਬਣਾਉਣਾ ਚਾਹੀਦਾ ਹੈ। ਪਰ ਦੇਖਣ ਵਿਚ ਆਇਆ ਹੈ ਕਿ ਆਧੁਨਿਕ ਸਮੇਂ ਵਿਚ ਮਾਂ-ਬਾਪ ਦੋਵੇਂ ਨੌਕਰੀ ਕਰਦੇ ਹਨ ਅਤੇ ਮਾਤਾ-ਪਿਤਾ ਦੀ ਗੈਰ-ਮੌਜੂਦਗੀ ਕਾਰਨ ਵੀ ਬੱਚਾ ਹੋਰਨਾ ਭਾਸ਼ਾਵਾਂ ਵੱਲ ਧਿਆਨਚਿੱਤ ਹੋ ਕੇ ਜਲਦੀ ਹੀ ਉਸ ਭਾਸ਼ਾ ਨੂੰ ਬੋਲਣ ਵਿੱਚ ਫ਼ਖਰ ਸਮਝਦਾ ਹੈ।ਅਸੀਂ ਅੰਗਰੇਜ਼ੀ ਭਾਸ਼ਾ ਨੂੰ ਬੋਲਣ ਵਿਚ ਫ਼ਖਰ ਸਮਝਦੇ ਹਾਂ ਪਰ ਅਸੀਂ ਇਹ ਨਹੀਂ ਦੇਖਦੇ ਕਿ ਅਸੀਂ ਅੰਗਰੇਜ਼ੀ ਭਾਸ਼ਾ ਪਿੱਛੇ ਆਪਣੀ ਮਾਂ ਬੋਲੀ ਵਿਸਾਰਦੇ ਜਾ ਰਹੇ ਹਾਂ। ਜੇਕਰ ਅੰਗਰੇਜ਼ੀ ਭਾਸ਼ਾ ਨੂੰ ਇੰਨ੍ਹੇ ਦੇਸ਼ਾਂ ਵਿੱਚ ਮਾਣ ਨਾਲ ਬੋਲਿਆ ਜਾਂਦਾ ਹੈ ਤਾਂ ਉਥੋਂ ਦੇ ਲੋਕ ਆਪਣੀ ਮਾਂ ਬੋਲੀ ਨੂੰ ਦਿੱਤੇ ਜਾਣ ਵਾਲੇ ਖਾਸ ਮਹੱਤਵ ਦੀ ਪੁਸ਼ਟੀ ਕਰਦੇ ਹਨ। ਉਨ੍ਹਾਂ ਲੋਕਾਂ ਨੇ ਆਪਣੀ ਮਾਂ ਬੋਲੀ ਪ੍ਰਤੀ ਖਾਸ ਪਿਆਰ ਅਤੇ ਆਪਣੀ ਮਾਤ ਭਾਸ਼ਾ ਨੂੰ ਪਹਿਲ ਦਿੱਤੀ ਹੈ ਤਾਂ ਹੀ ਉਹ ਭਾਸ਼ਾ ਦਾ ਨਾਂ ਦੁਨੀਆਂ 'ਤੇ ਜਾਦੂ ਦੀ ਤਰ੍ਹਾਂ ਬੋਲਦਾ ਹੈ ਅਤੇ ਉਸ ਭਾਸ਼ਾ ਦੇ ਪ੍ਰਭਾਵ ਨੂੰ ਮਜਬੂਤ ਕਰਦਾ ਹੈ।ਮਾਂ ਬੋਲੀ ਨੂੰ ਵਿਸਾਰਣ ਵਿਚ ਦੂਜਾ ਯੋਗਦਾਨ ਪ੍ਰਾਈਵੇਟ ਸਕੂਲਾਂ ਦਾ ਹੈ। ਪ੍ਰਾਈਵੇਟ ਸਕੂਲ ਮਾਪਿਆਂ ਕੋਲੋਂ, ਮੋਟੀ ਫ਼ੀਸ ਉਗਰਾਹੀ ਕਰਕੇ ਮਾਂ ਬੋਲੀ ਦਾ ਸ਼ੋਸ਼ਣ ਕਰਦੇ ਹਨ ਅਤੇ ਇੱਥੋਂ ਤੱਕ ਕਈ ਅਧਿਆਪਕ ਆਪਣੀ ਜਮਾਤ ਵਿਚ ਵਿਦਿਆਰਥੀਆਂ ਨੂੰ ਅੰਗਰੇਜ਼ੀ ਵਿਚ ਹੀ ਗੱਲ ਕਰਨ ਦੀ ਹਦਾਇਤ ਕਰਦੇ ਹਨ। ਕਈ ਵਾਰ ਵਿਦਿਆਰਥੀ ਨੂੰ ਅੰਗਰੇਜ਼ੀ ਵਿੱਚ ਗੱਲ ਨਾ ਕਰਨ 'ਤੇ ਮਾਰ ਕੁੱਟ ਅਤੇ ਜ਼ੁਰਮਾਨਾ ਵੀ ਭਰਨਾ ਪੈਂਦਾ ਹੈ। ਇਹ ਰੁਝਾਨ ਵੀ ਵਿਦਿਆਰਥੀਆਂ ਨੂੰ ਆਪਣੀ ਮਾਤ ਭਾਸ਼ਾ ਨਾਲੋਂ ਨਿਖੇੜਦਾ ਹੈ। ਸਕੂਲ ਮੁਖੀ ਜਾਂ ਮੁੱਖ ਮਹਿਮਾਨ ਵੀ ਅੰਗਰੇਜ਼ੀ ਵਿਚ ਹੀ ਭਾਸ਼ਣ ਦੇਣ ਨੂੰ ਪਹਿਲ ਦਿੰਦੇ ਹਨ। ਪੰਜਾਬੀ ਭਾਸ਼ਾ ਦੇ ਵਿਕਾਸ ਤੇ ਪਸਾਰ ਲਈ ਸਕੂਲਾਂ ਵਿਚ ਪੱਕੇ ਤੌਰ 'ਤੇ ਪੰਜਾਬੀ ਲਾਗੂ ਕਰਵਾਉਣੀ ਚਾਹੀਦੀ ਹੈ ਅਤੇ ਪੰਜਾਬੀ ਭਾਸ਼ਾ ਵਿਚ ਗੱਲ ਕਰਨ 'ਤੇ ਕੋਈ ਰੋਕ ਟੋਕ ਨਹੀਂ ਹੋਣੀ ਚਾਹੀਦੀ। ਵਿਦਿਆਰਥੀਆਂ ਨੂੰ ਸਕੂਲਾਂ ਵਿਚ ਸਮਾਰਟ ਕਲਾਸ ਵਿੱਚ ਪੰਜਾਬੀ ਭਾਸ਼ਾ ਬੋਲਣ ਅਤੇ ਲਿਖਣ ਲਈ ਪ੍ਰੋਗਰਾਮ ਉਲੀਕੇ ਜਾਣੇ ਚਾਹੀਦੇ ਹਨ। ਵਿਦਿਆਰਥੀਆਂ ਨੂੰ ਸਕੂਲ ਵੱਲੋਂ ਭੇਜੇ ਜਾਣ ਵਾਲੇ ਪੇਪਰਾਂ ਅਤੇ ਫ਼ੀਸ ਸੰਬੰਧੀ ਸੁਨੇਹੇ ਮੋਬਾਇਲ ਤੇ ਪੰਜਾਬੀ ਵਿਚ ਹੀ ਭੇਜੇ ਜਾਣੇ ਚਾਹੀਦੇ ਹਨ। ਵਿਦਿਆਰਥੀਆਂ ਨੂੰ ਛੁੱਟੀ ਲੈਣ ਸੰਬੰਧੀ, ਪੰਜਾਬੀ ਭਾਸ਼ਾ ਵਿੱਚ ਹੀ ਅਰਜ਼ੀ ਲਿਖਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ। ਸਕੂਲਾਂ ਜਾਂ ਕਾਲਜਾਂ ਵਿਚ ਪੰਜਾਬੀ ਸਾਹਿਤ ਦੇ ਉੱਚ ਕੋਟੀ ਦੇ ਲੇਖਕਾਂ ਨੂੰ ਬੁਲਾ ਕੇ ਪੰਜਾਬੀ ਭਾਸ਼ਾ ਤੇ ਉਚੱਤਮ ਇਤਿਹਾਸ ਅਤੇ ਮਹੱਤਤਾ ਦੱਸਣ ਵਾਲੇ ਪ੍ਰੋਗਰਾਮ ਉਲੀਕੇ ਜਾਣੇ ਚਾਹੀਦੇ ਹਨ। ਸਕੂਲਾਂ ਵਿੱਚ ਨਾਟ ਕਲਾ ਅਤੇ ਨਾਚ ਦੇ ਨਾਲ ਨਾਲ ਪੰਜਾਬੀ ਭਾਸ਼ਾ ਸੰਬੰਧੀ ਜਾਂ ਪੰਜਾਬੀ ਸਾਹਿਤ ਦੇ ਇਤਿਹਾਸ ਸੰਬੰਧੀ ਪ੍ਰਤੀਯੋਗਤਾ ਕਰਵਾ ਕੇ ਵੀ ਵਿਦਿਆਰਥੀਆਂ ਨੂੰ ਪੰਜਾਬੀ ਮਾਂ ਬੋਲੀ ਵੱਲ ਪ੍ਰੇਰਿਤ ਕੀਤਾ ਜਾ ਸਕਦਾ ਹੈ। ਪੰਜਾਬੀ ਸਾਡੀ ਮਾਂ ਬੋਲੀ ਹੈ, ਵਿਰਸਾ ਹੈ। ਇਸ ਵਿਰਸੇ ਦੀ ਸੰਭਾਲ ਕਰਨ ਲਈ ਸਾਨੂੰ ਵੱਡੇ ਪੱਧਰ 'ਤੇ ਉਪਰਾਲੇ ਕਰਨ ਦੀ ਲੋੜ ਹੈ। ਸਰਕਾਰ ਅਤੇ ਸਮਾਜ ਸੇਵੀ ਜਥੇਬੰਦੀਆਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਅਹਿਮ ਯੋਗਦਾਨ ਪਾ ਸਕਦੀਆਂ ਹਨ ਅਤੇ ਵਿਦਿਆਰਥੀਆਂ ਨੂੰ ਆਪਣੀ ਮਾਂ ਬੋਲੀ ਵੱਲ ਪ੍ਰੇਰਿਤ ਕਰ ਸਕਦੀਆਂ ਹਨ ਤਾਂ ਹੀ ਪੰਜਾਬੀ ਭਾਸ਼ਾ ਸਾਡੇ ਪੰਜਾਬ ਅਤੇ ਭਾਰਤ ਦਾ ਮਾਣ ਬਣ ਸਕਦੀ ਹੈ।

**ਅਰਸ਼ਪ੍ਰੀਤ ਸਿੰਘ**
**ਬੀ.ਏ. ਭਾਗ ਤੀਜਾ**

## ਮੁਆਫ਼ੀ ਨਾਮਾ : ਮਾਂ ਬੋਲੀ ਪੰਜਾਬੀ ਤੋਂ

ਪੰਜਾਬ ਦੀ ਨਿਵਾਸੀ ਹੋਣ ਕਾਰਣ, ਮੇਰੀ ਮਾਂ ਬੋਲੀ ਪੰਜਾਬੀ ਹੈ। ਮੈਂ ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਨਾਲ ਸੰਬੰਧ ਰੱਖਦੀ ਹਾਂ। ਮਾਤਾ-ਪਿਤਾ ਦੀ ਮਿਹਰ ਸਦਕਾ ਮੈਂ ਸ਼ੁਰੂ ਤੋਂ ਹੀ ਅੰਗਰੇਜ਼ੀ ਮਾਧਿਅਮ ਸਕੂਲ ਵਿੱਚ ਪੜ੍ਹੀ, ਜਿਸ ਕਾਰਨ ਮੇਰੀ ਆਪਣੀ ਮਾਂ ਬੋਲੀ ਵੱਲ ਖਿੱਚ ਅਤੇ ਦਿਲਚਸਪੀ ਘੱਟ ਹੀ ਸੀ। ਮੈਂ ਉਸ ਮਾਂ ਬੋਲੀ ਨੂੰ ਪੜ੍ਹਨਾ ਇੱਕ ਮਜਬੂਰੀ ਸਮਝਦੀ ਸਾਂ, ਜਿਸ ਨੇ ਜਨਮ ਤੋਂ ਬਾਅਦ ਮੈਨੂੰ ਬੋਲਣ ਦੀ ਤਾਕਤ ਦਿੱਤੀ ਸੀ। ਉਹ ਮਾਂ ਬੋਲੀ ਜਿਸ ਨੂੰ ਮੈਂ ਹਰ ਪਲ ਵਰਤਦੀ ਸਾਂ ਤੇ ਹਰ ਪਲ ਉਹ ਮੇਰੀ ਜ਼ੁਬਾਨ 'ਤੇ ਸੀ।

ਮੈਂ ਹਮੇਸ਼ਾ ਤੋਂ ਹੀ ਪੱਛਮੀ ਸੱਭਿਆਚਾਰ ਵੱਲ ਆਕਰਸ਼ਤ ਰਹੀ ਹਾਂ ਤੇ ਪੱਛਮੀ ਸੱਭਿਆਚਾਰ ਦਾ ਪ੍ਰਭਾਵ ਮੇਰੇ ਉੱਤੇ ਬਹੁਤ ਰਿਹਾ ਹੈ। ਮੈਂ ਅੰਗਰੇਜ਼ੀ ਬੋਲਣ ਵਾਲਿਆਂ ਨੂੰ ਉੱਚਾ ਤੇ ਮਾਣਯੋਗ ਮਹਿਸੂਸ ਕਰਦੀ ਸਾਂ ਤੇ ਮੈਂ ਵੀ ਅੰਗਰੇਜ਼ੀ ਬੋਲਣਾ ਚੰਗਾ ਸਮਝਦੀ ਸੀ।

ਕਹਿੰਦੇ ਨੇ, 'ਜੇਕਰ ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਵਾਪਿਸ ਆ ਜਾਵੇ ਤਾਂ ਉਸ ਨੂੰ ਭੁੱਲਿਆ ਨਹੀਂ ਕਹਿੰਦੇ।'

ਮੇਰੇ ਅਧਿਆਪਕਾਂ ਦੀ ਮਿਹਰ ਸਦਕਾ, ਮੈਂ ਆਪਣੀ ਮਾਂ ਬੋਲੀ ਦੀ ਮਹੱਤਤਾ ਨੂੰ ਸਮਝ ਸਕੀ ਹਾਂ ਤੇ ਇਹ ਵੀ ਜਾਣ ਸਕੀ ਹਾਂ ਕਿ ਇਹ ਇਕ ਅਨਮੋਲ ਰਤਨ ਹੈ, ਜਿਸ ਤੋਂ ਬਿਨਾਂ ਵਿਕਾਸ ਸੰਭਵ ਨਹੀਂ। ਨਾਲ ਹੀ ਇਸ ਨੇ ਮੈਨੂੰ ਮੇਰੀ ਅਸਲ ਪਛਾਣ ਦਿੱਤੀ ਹੈ।

ਮੈਂ ਆਪਣੀ ਮਾਂ ਬੋਲੀ ਤੋਂ ਮੁਆਫੀ ਮੰਗਦੀ ਹਾਂ ਕਿ ਮੈਂ ਆਪਣੀ

ਬੋਲੀ ਦੀ ਮਹੱਤਤਾ ਨਾ ਸਮਝ ਸਕੀ ਤੇ ਮੈਂ ਇਸ ਨੂੰ ਛੋਟਾ ਸਮਝਿਆ। ਸੱਚ ਹੀ ਕਿਹਾ ਹੈ

'ਮਾਂ ਬੋਲੀ ਜੇ ਭੁੱਲ ਜਾਓਗੇ, ਕੱਖਾਂ ਵਾਂਗੂੰ ਰੁਲ ਜਾਓਗੇ।'

ਮਾਂ ਬੋਲੀ ਨੂੰ ਭੁੱਲ ਕੇ ਮੈਂ ਆਪਣੇ ਆਪ ਨੂੰ ਕੱਖਾਂ ਵਾਂਗ ਸਮਝ ਰਹੀ ਸਾਂ ਕਿਉਂਕਿ ਮੈਂ ਅਜਿਹਾ ਕਰਕੇ ਆਪਣੀ ਮਾਂ ਬੋਲੀ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।

ਮੈਨੂੰ ਆਪਣੀ ਮਾਂ ਬੋਲੀ ਨੂੰ ਇਹੋ ਹੀ ਬੇਨਤੀ ਹੈ 'ਹੇ ਮੇਰੀ ਮਾਂ ਬੋਲੀ, ਮੈਨੂੰ ਮੁਆਫ਼ ਕਰ ਦੇ।"

ਮੈਨੂੰ ਆਸ ਹੈ ਕਿ ਮੇਰੀ ਮਾਂ ਬੋਲੀ ਮੈਨੂੰ ਮੁਆਫ਼ ਕਰ ਦੇਵੇਗੀ, ਕਿਉਂਕਿ, "ਮਾਵਾਂ ਠੰਡੀਆਂ ਛਾਵਾਂ ਹੁੰਦੀਆਂ ਨੇ ਜੋ ਆਪਣੇ ਬੱਚਿਆਂ ਦੀ ਹਰ ਗਲਤੀ ਨੂੰ ਮਾਫ਼ ਕਰ ਦਿੰਦੀਆਂ ਨੇ।

ਮੈਂ ਆਪਣੀ ਬੋਲੀ ਦਾ ਧੰਨਵਾਦ ਕਰਦੀ ਹਾਂ ਕਿਉਂਕਿ ਉਸ ਦੀ ਰਹਿਮਤ ਸਦਕਾ ਹੀ ਮੈਂ ਅੱਜ ਇਹ ਨਿਬੰਧ ਲਿਖਿਆ ਹੈ।ਇਹ ਨਿਬੰਧ ਮੇਰਾ ਪਹਿਲਾਂ ਨਿਬੰਧ ਹੈ ਜੋ ਮੈਂ ਆਪਣੀ ਮਾਂ ਬੋਲੀ ਵਿੱਚ ਲਿਖਿਆ।

**ਕਾਜਲ**
**ਬੀ.ਏ. ਭਾਗ ਪਹਿਲਾ**

## ਅਸਲੀ ਇਨਸਾਨ

ਗੁਰਬਾਣੀ ਦੀ ਇਹ ਤੁਕ 'ਮਨ ਜੀਤੈ ਜਗ ਜੀਤ' ਲਗਭਗ ਅਸੀਂ ਸਾਰਿਆਂ ਨੇ ਸੁਣੀ ਹੀ ਹੋਈ ਹੈ ਭਾਵ ਜਦੋਂ ਇਨਸਾਨ ਆਪਣੇ ਮਨ ਨੂੰ ਆਪਣੇ ਅਧੀਨ ਕਰਨ ਵਿੱਚ ਸਮਰਥ ਹੋ ਜਾਂਦਾ ਹੈ ਤਾਂ ਉਸ ਲਈ ਕੁਝ ਵੀ ਔਖਾ ਨਹੀਂ ਉਹ ਔਖੇ ਤੋਂ ਔਖੇ ਕੰਮ ਕਰ ਸਕਦਾ ਹੈ। ਇਹ ਕਹਾਣੀ ਹੈ ਇੱਕ ਰੂਸੀ ਪਾਇਲਟ ਦੀ, ਜੋ ਰੂਸ ਅਤੇ ਜਰਮਨੀ ਵਿਚਕਾਰ ਲੱਗੀ ਜੰਗ ਵਿੱਚ ਹਿੱਸਾ ਲੈ ਰਿਹਾ ਸੀ। ਉਸ ਨਾਲ ਇੱਕ ਅਜਿਹੀ ਘਟਨਾ ਵਾਪਰੀ ਕਿ ਉਹ ਕਦੇ ਵੀ ਜਹਾਜ ਨਹੀਂ ਉਡਾ ਸਕੇਗਾ। ਉਸਦੇ ਗੋਡਿਆਂ ਤੋਂ ਥੱਲੇ ਤੱਕ ਦੋਵੇਂ ਪੈਰ ਕੱਟ ਚੁੱਕੇ ਸਨ। ਕਿਸ ਤਰ੍ਹਾਂ ਉਹ ਬਿਨ੍ਹਾਂ ਭੋਜਨ ਤੋਂ, ਕੀੜੇ ਅਤੇ ਗਲਿਆ ਮਾਸ ਖਾ ਕੇ 18 ਦਿਨ ਬਰਫ਼ ਵਿੱਚ ਰੁੜਦਾ ਆਪਣੀ ਜਾਨ ਬਚਾ ਸਕਿਆ ਸੀ। ਉਸਦੇ ਮੁੜ ਲੜਾਕੂ ਜਹਾਜ ਉਡਾਉਣ ਦਾ ਸੁਪਨਾ ਲਗਭਗ ਅਸੰਭਵ ਹੀ ਸੀ। ਜਦੋਂ ਤੱਕ ਉਸਦੇ ਹਸਪਤਾਲ ਵਿੱਚ ਨਾਲ ਵਾਲੇ ਬੈੱਡ ਤੇ ਪਏ ਦੋਸਤ ਨੇ ਉਸਨੂੰ ਉਹ ਕਿਤਾਬ ਨਹੀਂ ਸੀ ਦਿੱਤੀ ਜਿਸ ਨੇ ਉਸਦੀ ਇੱਛਾ ਸ਼ਕਤੀ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ। ਕਿਤਾਬ ਵਿਚਲੇ ਨਾਇਕ ਦਾ ਇੱਕ ਪੈਰ ਨਹੀਂ ਸੀ ਅਤੇ ਉਹ ਜੰਗੀ ਜਹਾਜ ਉਡਾਉਂਦਾ ਸੀ। ਕਿਤਾਬ ਪੜ੍ਹਨ ਉਪਰੰਤ ਪਤਾ ਨਹੀਂ ਉਸ ਪਾਇਲਟ 'ਤੇ ਕੀ ਜਾਦੂ ਜਿਹਾ ਹੋ ਗਿਆ ਉਹ ਤੰਦਰੁਸਤ ਹੋਣ ਲੱਗਾ ਜਿਵੇਂ ਅੰਗਰੇਜ਼ੀ ਦੀ ਇੱਕ ਕਹਾਣੀ 'ਡਾਕਟਰ ਸ ਵਰਡ' ਵਿਚਲਾ ਇੱਕ ਮਰਦਾ ਆਦਮੀ ਵੀ ਡਾਕਟਰ ਦੇ ਸ਼ਬਦਾਂ ਕਾਰਨ ਹੀ ਜੀਅ ਜਾਂਦਾ ਹੈ।ਇਹ ਸਿੱਧ ਕਰਦਾ ਹੈ ਕਿ ਜੇਕਰ ਇਨਸਾਨ ਵਿੱਚ ਜਨੂੰਨ ਹੋਵੇ ਤੇ ਸਖ਼ਤ ਮਿਹਨਤ ਕਰਨ ਦੀ ਇੱਛਾ ਹੋਵੇ ਤਾਂ ਉਹ ਅਸੰਭਵ ਨੂੰ ਵੀ ਸੰਭਵ ਕਰ ਸਕਦਾ ਹੈ। ਇਹੋ ਜਨੂੰਨ ਤੇ ਇੱਛਾ ਨੇ ਐਲੇਕਸਈ ਨੂੰ ਜਗਾ ਦਿੱਤਾ। ਉਸਨੇ ਨਕਲੀ ਲੱਤਾਂ ਬਣਵਾ ਲਈਆਂ। ਪਰ ਕਿੱਥੇ ਪੈਰ ਤੋਂ ਬਿਨ੍ਹਾਂ ਕਿਤਾਬ ਵਿਚਲਾ ਨਾਇਕ ਜਹਾਜ ਉਡਾਉਂਦਾ ਸੀ, ਉਹ ਤਾਂ ਬਿਨ੍ਹਾਂ ਦੋਵੇ ਲੱਤਾਂ ਤੋਂ ਲੜਾਕੂ ਜਹਾਜ ਉਡਾਉਣਾ ਚਾਹੁੰਦਾ ਸੀ। ਉਹ ਖਜ਼ਾਨਾ ਜੋ ਉਸਨੂੰ ਕਿਤਾਬ ਦੇ ਰੂਪ ਵਿੱਚ ਮਿਲਿਆ ਸੀ, ਹਮੇਸ਼ਾ ਆਪਣੇ ਨਾਲ ਰੱਖਦਾ। ਆਖ਼ਿਰ ਕਿੰਨੀਆਂ ਹੀ ਔਂਕੜਾ ਦਾ ਸਾਹਮਣਾ ਕਰਨ ਮਗਰੋਂ ਉਸਨੂੰ ਟ੍ਰੇਨਿੰਗ ਸੈਂਟਰ ਭੇਜਿਆ ਗਿਆ, ਜਿੱਥੇ ਉਹ ਸਭ ਨੂੰ ਪ੍ਰਭਾਵਿਤ ਕਰਨ ਵਿੱਚ ਸਫ਼ਲ ਰਿਹਾ। ਉਹ ਇਸ ਤਰ੍ਹਾਂ ਜਹਾਜ ਉਡਾਉਂਦਾ ਸੀ ਜਿਵੇਂ ਕੋਈ ਉੱਚ ਕੋਟੀ ਦਾ ਪਾਇਲਟ ਹਵਾ ਵਿੱਚ ਖੇਡ ਰਿਹਾ ਹੋਵੇ। ਆਖ਼ਿਰ ਹਰ ਮੁਸੀਬਤ ਦਾ ਨਿਡਰਤਾ ਨਾਲ ਸਾਹਮਣਾ ਕਰਨ ਮਗਰੋਂ ਉਸਨੂੰ ਜੰਗ ਵਿੱਚ ਜਾਣ ਦਾ ਮੌਕਾ ਮਿਲਿਆ। ਇਹ ਨਹੀਂ ਸੀ ਕਿ ਉਸਨੂੰ ਕੋਈ ਹੋਰ ਆਫ਼ਰ ਨਹੀਂ ਸੀ ਮਿਲਿਆ, ਉਸਨੂੰ ਆਰਾਮ ਨਾਲ ਸ਼ਾਂਤੀ ਵਾਲੇ ਇਲਾਕੇ ਵਿੱਚ ਭੇਜਿਆ ਜਾ ਰਿਹਾ ਸੀ ਜਿੱਥੇ ਉਹ ਆਰਾਮ ਨਾਲ ਆਪਣੀ ਨੌਕਰੀ ਦੇ ਬਚੇ ਸਾਲ ਕੱਢ ਸਕਦਾ ਸੀ। ਪਰੰਤੂ ਉਸਨੇ ਜੰਗ ਵਿੱਚ ਹਿੱਸਾ ਲੈਣ ਦਾ ਹੱਠ ਨਾ ਛੱਡਿਆ, ਜਿਸਦੇ ਫਲਸਰੂਪ ਉਸਨੂੰ ਨਤੀਜਾ ਮਿਲਿਆ। ਜੰਗ ਦੇ ਪਹਿਲੇ ਹੀ ਦਿਨ ਉਸਨੇ ਦੁਸ਼ਮਣ ਦੇ ਦੋ ਜਹਾਜ ਫੁੰਡ ਦਿੱਤੇ, ਉਹ ਬਹੁਤ ਖੁਸ਼ ਸੀ। ਜਹਾਜ ਦੇ ਕਾਕਪਿਟ ਵਿੱਚੋਂ ਨਿਕਲਣ ਉਪਰੰਤ ਉਹ ਆਪਣੇ ਕਮਰੇ ਵੱਲ ਚੱਲ ਪਿਆ। ਉਸਦੇ ਚਿਹਰੇ ਤੋਂ ਖੁਸ਼ੀ ਝਲਕ ਰਹੀ ਸੀ। ਉਹ ਹੁਣ ਅਸਲੀ ਇਨਸਾਨ ਬਣ ਚੁੱਕਾ ਸੀ ਜਿਸ ਲਈ ਕੁਝ ਵੀ ਅਸੰਭਵ ਨਹੀਂ ਸੀ। ਦੋਸਤੋ ਹਰ ਇਨਸਾਨ ਵਿੱਚ ਇੱਕ ਅਸਲੀ ਇਨਸਾਨ ਛੁਪਿਆ ਹੁੰਦਾ ਹੈ, ਜਿਸਨੂੰ ਆਪਣੇ ਮਨ ਉੱਤੇ ਕਾਬੂ ਕਰਕੇ ਨਿਖਾਰਿਆ ਜਾ ਸਕਦਾ ਹੈ। ਆਪਣੇ ਸੁਪਨੇ ਸਾਕਾਰ ਕਰਨ ਲਈ ਸਾਨੂੰ ਮਜਬੂਤ ਇੱਛਾ ਸ਼ਕਤੀ ਤੇ ਮਿਹਨਤ ਦੀ ਲੋੜ ਹੁੰਦੀ ਹੈ। ਜਦੋਂ ਅਸੀਂ ਆਪਣੇ ਸੁਪਨੇ ਸਾਕਾਰ ਕਰ ਲੈਂਦੇ ਹਾਂ ਅਸੀਂ ਬਣਦੇ ਹਾਂ 'ਅਸਲੀ ਇਨਸਾਨ'। ਕਦੇ ਵੀ ਇੱਕ ਰਸਤਾ ਬੰਦ ਹੋਣ ਉਪਰੰਤ ਨਿਰਾਸ਼ ਨਹੀਂ ਹੋਣਾ ਚਾਹੀਦਾ ਅਸੀਂ ਉਸ ਰਸਤੇ ਨੂੰ ਦੁਬਾਰਾ ਖੋਲ ਸਕਦੇ ਹਾਂ ਕੇਵਲ ਆਪਣੇ ਮਜ਼ਬੂਤ ਇਰਾਦਿਆਂ ਦੇ ਸਦਕੇ। ਜਦੋਂ ਬਿਨ੍ਹਾਂ ਲੱਤਾਂ ਵਾਲਾ ਇਨਸਾਨ ਲੜਾਕੂ ਜਹਾਜ ਉਡਾ ਸਕਦਾ ਹੈ, ਬਿਨਾਂ ਸੱਜੇ ਹੱਥ ਦੇ ਖੱਬੇ ਹੱਥ ਨਾਲ ਇਨਸਾਨ ਅਚੂਕ ਨਿਸ਼ਾਨੇਬਾਜ ਬਣ ਸਕਦਾ ਹੈ। ਜੇਕਰ ਉਹ ਅਧਰੰਗ ਹੋਣ ਦੇ ਬਾਵਜੂਦ ਖੋਜ ਕਰ ਸਕਦਾ ਹੈ ਤਾਂ ਤੁਸੀਂ ਕਿਉਂ ਨਹੀਂ ਸੁਪਨੇ ਸਾਕਾਰ ਕਰ ਸਕਦੇ? ਸਾਨੂੰ ਲੋੜ ਹੈ ਕੇਵਲ ਮਜ਼ਬੂਤ ਇਰਾਦਿਆਂ ਦੀ। ਕੁਝ ਵੀ ਅਸੰਭਵ ਨਹੀਂ।ਨਾਵਲ 'ਅਸਲੀ ਇਨਸਾਨ ਦੀ ਕਹਾਣੀ' ਰੂਸੀ ਲੇਖਕ 'ਬੋਰਿਸ ਪੋਲੇਵੋਈ' ਦੁਆਰਾ ਲਿਖੀ ਗਈ ਨਿਰਜਿੰਦਾਂ ਵਿੱਚ ਵੀ ਰੂਹ ਫੂਕਣ ਵਾਲੀ ਕਿਤਾਬ ਹੈ।

**ਲਵਪ੍ਰੀਤ ਸਿੰਘ**
**ਬੀ.ਏ. ਭਾਗ ਦੂਜਾ**

## ਆਰਥਿਕ ਗਿਆਨ

ਕੁੱਝ ਦਿਨ ਪਹਿਲਾਂ ਮੈਂ ਇੱਕ ਕਿਤਾਬ ਪੜ੍ਹੀ 'ਰਿੱਚ ਡੈਡ ਪੂਅਰ ਡੈਡ' ਜਿਹੜੀ ਰੋਬਰਟ ਟੀ ਕੀਓਸਾਕੀ ਦੁਆਰਾ ਲਿਖੀ ਹੋਈ ਹੈ। ਇਸ ਕਿਤਾਬ ਵਿੱਚ ਬਹੁਤ ਅਜਿਹੀਆਂ ਗੱਲਾਂ ਦੱਸੀਆਂ ਹੋਈਆਂ ਹਨ ਜਿਸ ਨਾਲ ਇਨਸਾਨ ਦੇ ਆਰਥਿਕ ਗਿਆਨ ਵਿੱਚ ਵਾਧਾ ਹੁੰਦਾ ਹੈ। ਇਸ ਕਿਤਾਬ ਦਾ ਲੇਖਕ ਰੋਬਰਟ ਈ ਕੀਓਸਾਕੀ ਜਿਸਦੇ ਦੋ ਪਿਓ ਹੁੰਦੇ ਹਨ। ਉਸਦਾ ਅਸਲੀ ਪਿਓ ਜਿਹੜਾ ਵੱਧ ਪੜ੍ਹਿਆ ਲਿਖਿਆ ਹੈ ਪਰ ਉਸਨੂੰ ਆਪਣੀ ਜ਼ਿੰਦਗੀ ਵਿੱਚ ਪੈਸੇ ਦੀ ਤੰਗੀ ਦੇਖਣੀ ਪੈਂਦੀ ਹੈ। ਦੂਜੇ ਪਾਸੇ ਉਸਦਾ ਅਮੀਰ ਪਿਓ ਜਿਹੜਾ ਕਿ ਉਸਦੇ ਦੋਸਤ ਦਾ ਪਿਓ ਹੁੰਦਾ ਹੈ। ਉਹ ਪੜ੍ਹਿਆ ਲਿਖਿਆ ਤਾਂ ਘੱਟ ਹੁੰਦਾ ਹੈ ਪਰ ਉਸਦੀ ਆਰਥਿਕ ਸਥਿਤੀ ਚੰਗੀ ਹੈ। ਕਹਿਣ ਦਾ ਭਾਵ ਕਿਤਾਬ ਵਿੱਚ ਦੱਸਿਆ ਗਿਆ ਹੈ ਕਿ ਸਾਨੂੰ ਸਕੂਲ, ਕਾਲਜਾਂ ਵਿੱਚ ਗਿਆਨ ਤਾਂ ਦਿੱਤਾ ਜਾਂਦਾ ਹੈ ਪਰ ਉਹ ਆਰਥਿਕ ਗਿਆਨ ਦੇ ਸੰਬੰਧ ਵਿੱਚ ਨਹੀਂ ਹੁੰਦਾ ਹੈ ਸਕੂਲ, ਕਾਲਜਾਂ ਵਿੱਚ ਸਾਨੂੰ ਇਸ ਗਿਆਨ ਬਾਰੇ ਨਹੀਂ ਦੱਸਿਆ ਜਾਂਦਾ ਹੈ ਸਗੋਂ ਹੋਰ ਹੀ ਵਿਸ਼ਿਆਂ ਬਾਰੇ ਗੱਲ ਹੁੰਦੀ ਹੈ ਅਤੇ ਉਨ੍ਹਾਂ ਨੂੰ ਹੀ ਪੜ੍ਹਾਇਆ ਜਾਂਦਾ ਹੈ।ਜਦਕਿ ਅੱਜਕੱਲ ਦੇ ਯੁੱਗ ਵਿੱਚ ਇਨਸਾਨ ਇਹ ਸਭ ਵਿਸ਼ੇ ਪੜ੍ਹ ਕਿ ਪੈਸੇ ਹੀ ਕਮਾ ਰਿਹਾ ਹੈ। ਪੈਸੇ ਦਾ ਇਨਸਾਨ ਦੀ ਜ਼ਿੰਦਗੀ ਵਿੱਚ ਬਹੁਤ ਵੱਡਾ ਰੋਲ ਹੈ ਹਾਲਾਂਕਿ ਬਹੁਤ ਲੋਕ ਐਸੇ ਨੇ ਜਿਹੜੇ ਕਹਿੰਦੇ ਹਨ ਕਿ ਪੈਸਾ ਹੀ ਸਭ ਕੁਝ ਨਹੀਂ ਹੁੰਦਾ ਪਰ ਅੱਜਕੱਲ ਦੇ ਯੁੱਗ ਵਿੱਚ ਨਾ ਚਾਹੁੰਦੇ ਹੋਏ ਵੀ ਪੈਸਾ ਸਭ ਕੁਝ ਹੈ।ਪੈਸਾ ਇਨਸਾਨ ਦੀ ਜ਼ਿੰਦਗੀ ਤੇ ਬਹੁਤ ਪ੍ਰਭਾਵ ਪਾਉਂਦਾ ਹੈ ਅਤੇ ਸਮਾਜ ਵਿੱਚ ਪੈਸੇ ਵਾਲੇ ਇਨਸਾਨ ਦੀ ਬਹੁਤ ਇੱਜ਼ਤ ਹੈ। ਪਰ ਗੱਲ ਅਮੀਰ ਹੋਣ ਦੀ ਨਹੀਂ ਹੈ ਗੱਲ ਹੈ ਕਿ ਉਸ ਇਨਸਾਨ ਨੇ ਪੈਸਾ ਕਿਸ ਤਰੀਕੇ ਨਾਲ ਕਮਾਇਆ ਹੈ ਕੁੱਝ ਲੋਕ ਪੈਸਾ ਕਮਾਉਣ ਖ਼ਾਤਰ ਗਲਤ

ਧੰਦਾ ਕਰਦੇ ਹਨ ਜਿਵੇਂ ਜੂਆ, ਸਮੱਗਲਿੰਗ ਆਦਿ। ਇਸ ਤਰ੍ਹਾਂ ਨਾਲ ਪੈਸਾ ਕਮਾਉਣ ਵਾਲੇ ਦੀ ਇੱਜ਼ਤ ਸਮਾਜ ਵਿੱਚ ਨਹੀਂ ਹੁੰਦੀ ਅਕਸਰ ਲੋਕੀ ਇਸ ਤਰ੍ਹਾਂ ਦੇ ਬੰਦੇ ਨੂੰ ਦੋ ਨੰਬਰੀ ਕਹਿੰਦੇ ਹਨ। ਪੈਸਾ ਇੱਕ ਇਨਸਾਨ, ਸਮਾਜ, ਸੰਸਥਾ, ਸਕੂਲ ਜਾਂ ਕਾਲਜ ਨੂੰ ਚਲਾਉਣ ਵਿੱਚ ਬਹੁਤ ਅਹਿਮੀਅਤ ਰੱਖਦਾ ਹੈ। ਅਖ਼ੀਰ ਮੇਰਾ ਵਿਚਾਰ ਇਹ ਹੈ ਕਿ ਇਨਸਾਨ ਨੂੰ ਮਿਹਨਤ ਅਤੇ ਇੱਜਤ ਨਾਲ ਕਮਾਉਣਾ ਚਾਹੀਦਾ ਹੈ।

**ਤਜਿੰਦਰ ਸਿੰਘ**
**ਬੀ.ਏ. ਭਾਗ ਤੀਜਾ**

## ਕੌਣ? ਮਾਣੋ ਬਿੱਲੀ

ਸ਼ਾਇਦ ਮੇਰੇ ਬੀਜੀ ਉਸ ਸਮੇਂ ਪੰਜ ਕੁ ਸਾਲ ਦੇ ਸਨ ਜਦੋਂ ਉਹਨਾਂ ਦੇ ਦੋ ਭਰਾਵਾਂ ਦੀ ਮੌਤ ਹੋ ਗਈ ਸੀ।ਫਿਰ ਕੁੱਝ ਸਾਲਾਂ ਬਾਅਦ ਉਹਨਾਂ ਦੇ ਮਾਤਾ-ਪਿਤਾ ਵੀ ਇਹ ਦੁਨੀਆਂ ਛੱਡ ਗਏ ਅਤੇ ਉਹ ਤਿੰਨ ਭੈਣਾਂ ਇੱਕਲੀਆਂ ਰਹਿ ਗਈਆਂ। ਮੇਰੀ ਬੀਜੀ ਦਾ ਵਿਆਹ ਉਹਨਾਂ ਦੀ ਭੂਆ ਜੀ ਨੇ ਆਪਣੇ ਦਿਓਰ ਦੇ ਪੁੱਤ ਨਾਲ ਕਰਵਾ ਦਿੱਤਾ। ਭੂਆ-ਭਤੀਜੀ ਇੱਕੋ ਘਰੇ ਬਹੁਤ ਖੁਸ਼ ਸਨ। ਕੁੱਝ ਸਮੇਂ ਬਾਅਦ ਉਹਨਾਂ ਦੇ ਭੂਆ ਜੀ ਵੀ ਉਸ ਪਰਿਵਾਰ ਅਤੇ ਦੁਨੀਆਂ ਨੂੰ ਛੱਡ ਗਏ। ਉਹਨਾਂ ਦਾ ਪਰਿਵਾਰ ਅੱਗੇ ਵਧਿਆ, ਬੱਚਿਆਂ ਦੇ ਵਿਆਹ ਕੀਤੇ ਅਤੇ ਅਸੀਂ ਵੀ ਇਸ ਦੁਨੀਆਂ ਵਿੱਚ ਆਏ। ਮੈਂ ਪੰਦਰਾਂ ਕੁ ਸਾਲਾਂ ਦੀ ਸੀ ਜਦੋਂ ਮੇਰੇ ਦਾਰਜੀ ਦੀ ਅਚਾਨਕ ਮੌਤ ਹੋ ਗਈ। ਮੌਤ ਦੀ ਖ਼ਬਰ ਸੁਣ ਕੇ ਮੇਰੇ ਬੀਜੀ ਕੁੱਝ ਦਿਨਾਂ ਲਈ ਗੁੰਮ ਜਿਹੇ ਹੋ ਗਏ।ਨਾ ਕਿਸੇ ਨਾਲ ਬੈਠਣਾ, ਨਾ ਮਿਲਣਾ, ਨਾ ਬੋਲਣਾ, ਨਾ ਕੁੱਝ ਖਾਣਾ-ਪੀਣਾ। ਇਸ ਸਦਮੇਂ ਦੇ ਕਾਰਨ ਉਹਨਾਂ ਦੇ ਦਿਲ ਦਾ ਆਪਰੇਸ਼ਨ ਕਰਵਾਉਣਾ ਪਿਆ। ਸਮੇਂ ਦੇ ਬੀਤ ਜਾਣ ਕਾਰਨ ਬੀਜੀ ਨੇ ਆਪਣੇ ਆਪ ਨੂੰ ਸੰਭਾਲ ਲਿਆ। ਪਰ ਇੰਨੇ ਸਾਲ ਉਹ ਇੱਕਠੇ ਰਹੇ, ਆਦਤ ਪੈ ਜਾਂਦੀ ਹੈ ਜੀਵਨ-ਸਾਥੀ ਦੀ। ਕਈ ਵਾਰ ਉਹਨਾਂ ਦੇ ਮੂੰਹੋਂ ਨਿਕਲ ਜਾਂਦਾ ਕਿ ਤੇਰੇ ਦਾਰ ਜੀ ਨੂੰ ਫੋਨ ਕਰਕੇ ਕਹਿ ਕਿ ਰੋਟੀ ਖਾ ਲੈਣ। ਇਹ ਗੱਲਾਂ ਸੁਣ ਕੇ ਕਦੀ-ਕਦੀ ਮੇਰਾ ਵੀ ਮਨ ਭਰ ਜਾਂਦਾ ਪਰ ਮੈਂ ਰੋ ਨਹੀਂ ਸੀ ਸਕਦੀ।ਜੇ ਮੈਂ ਹੀ ਰੋਣ ਲੱਗ ਜਾਂਦੀ ਫਿਰ ਬੀਜੀ ਨੂੰ ਕਿਵੇਂ ਸੰਭਾਲਦੀ। ਸਭ ਕੁੱਝ ਸਹੀ ਚੱਲ ਰਿਹਾ ਸੀ।ਇੱਕ ਦਿਨ ਬੀਜੀ ਦੀ ਵੱਡੀ ਭੈਣ ਦੀ ਮੌਤ ਹੋ ਗਈ। ਸਾਰਾ ਪਰਿਵਾਰ ਇੱਕ ਦੂਜੇ ਦੇ ਮੂੰਹ ਵੱਲ ਦੇਖ ਰਿਹਾ ਸੀ ਕਿ ਇਹ ਖ਼ਬਰ ਬੀਜੀ ਨੂੰ ਕੌਣ ਦੇਵੇਗਾ? ਕਿਸੇ ਨਾ ਕਿਸੇ ਨੇ ਤਾਂ ਦੱਸਣਾ ਹੀ ਸੀ। ਸਾਰਾ ਪਰਿਵਾਰ ਬੀਜੀ ਕੋਲ ਜਾ ਕੇ ਇਵੇਂ ਖੜ੍ਹਿਆ ਜਿਵੇਂ ਕੋਈ ਗੋਲ-ਮੇਜ ਕਾਨਫ਼ਰੰਸ ਹੋਣੀ ਸੀ। ਬੀਜੀ ਸਾਰੇ ਪਰਿਵਾਰ ਵਿੱਚੋਂ ਮੇਰੇ ਨਾਲ ਜ਼ਿਆਦਾ ਮੋਹ ਰੱਖਦੇ ਹਨ। ਮੈਂ ਬੀਜੀ ਕੋਲ ਜਾ ਕੇ ਬੈਠੀ। ਹੱਥ ਇੰਝ ਫੜਿਆ ਮੈਂ ਜਿਵੇਂ ਇੱਕ ਮਾਂ ਆਪਣੇ ਬੱਚੇ ਦਾ ਫੜਦੀ ਹੈ। ਸਾਰੀ ਗੱਲ ਦੱਸੀ ਗਈ ਅਤੇ ਬੀਜੀ ਕਹਿੰਦੇ ਜੋ ਰੱਬ ਨੂੰ ਮਨਜ਼ੂਰ। ਭਾਵੇਂ ਮੇਰੇ ਬੀਜੀ ਨੇ ਆਪਣੇ ਮਾਤਾ-ਪਿਤਾ, ਭਰਾਵਾਂ, ਪਤੀ, ਭੈਣ ਨੂੰ ਗੁਆ ਦਿੱਤਾ ਪਰ ਉਹਨਾਂ ਦੇ ਚਿਹਰੇ ਦੀ ਇੱਕ ਮੁਸਕਾਨ ਮੇਰੇ ਸਾਰੇ ਸੰਕਟ ਖ਼ਤਮ ਕਰ ਦਿੰਦੀ ਹੈ। ਇਹੀ ਕਾਰਨ ਹੈ ਕਿ ਮੇਰੇ ਮੋਬਾਇਲ ਸਕਰੀਨ ਉੱਤੇ ਮੇਰੇ ਬੀਜੀ ਦੀ ਫੋਟੋ ਲੱਗੀ ਹੋਈ ਹੈ। ਕਿੰਨੀ ਹਿੰਮਤ ਹੈ ਮੇਰੇ ਬੀਜੀ ਅੰਦਰ। ਮੈਂ ਵੀ ਬਹੁਤ ਖੁਸ਼ਕਿਸਮਤ ਹਾਂ ਕਿਉਂਕਿ ਉਹ ਮੇਰੇ ਬੀਜੀ ਹਨ, ਉਹਨਾਂ ਨੇ ਹੀ ਮੇਰਾ ਨਾਮ ਰੱਖਿਆ ਹੈ, ਮੇਰਾ ਮੁਹਾਂਦਰਾ ਵੀ ਉਹਨਾਂ ਵਰਗਾ ਹੈ। ਮੇਰੇ ਬੋਲਣ ਦਾ ਤਰੀਕਾ ਸਭ ਤੋਂ ਵੱਖਰਾ ਜੋ ਕਿ ਮੇਰੇ ਬੀਜੀ ਨੂੰ ਬਹੁਤ ਪਸੰਦ ਹੈ। ਮੈਂ ਜਦੋਂ ਵੀ ਫੋਨ ਕਰਦੀ ਹਾਂ ਤਾਂ ਬਿੱਲੀ ਦੀ ਅਵਾਜ਼ ਕੱਢਦੀ ਹਾਂ ਅਤੇ ਉਹ ਖੁਸ਼ ਹੋ ਕੇ ਕਹਿੰਦੇ ਹਨ ਕੌਣ? ਮਾਣੋ ਬਿੱਲੀ! ਆਹ ਫਿਰ ਅਸੀਂ ਦੋਵੇਂ ਹੱਸਦੇ ਹਾਂ।

**ਸਿਮਰਤਪਾਲ ਕੌਰ**
**ਬੀ.ਏ. ਭਾਗ ਪਹਿਲਾ**

## ਮਾਤਾ-ਪਿਤਾ

ਇਹ ਦੁਨੀਆਂ ਜਿਸ ਵਿੱਚ ਅਸੀਂ ਜੀ ਰਹੇ ਹਾਂ, ਉਸ ਵਿਚ ਲਿਆਉਣ ਵਾਲੇ ਸਾਡੇ ਮਾਤਾ-ਪਿਤਾ ਹੀ ਹਨ। ਹਰ ਇੱਕ ਬੱਚੇ ਦੇ ਮਾਤਾ-ਪਿਤਾ ਚਾਹੁੰਦੇ ਹਨ ਕਿ ਉਹ ਪੜ੍ਹ-ਲਿਖ ਕੇ ਕਿਸੇ ਚੰਗੀ ਨੌਕਰੀ ਉੱਤੇ ਲੱਗੇ ਅਤੇ ਆਪਣੇ ਪਰਿਵਾਰ ਤੇ ਦੇਸ਼ ਦਾ ਨਾਮ ਰੌਸ਼ਨ ਕਰੇ। ਮਾਤਾ-ਪਿਤਾ ਮਿਹਨਤ ਕਰਕੇ ਆਪਣੇ ਬੱਚਿਆਂ ਦੀ ਹਰ ਲੋੜ ਨੂੰ ਪੂਰੀ ਕਰਦੇ ਹਨ ਅਤੇ ਇਹ ਆਸ ਕਰਦੇ ਹਨ ਕਿ ਉਨ੍ਹਾਂ ਦਾ ਬੱਚਾ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦੀ ਸੇਵਾ ਕਰੇ। ਪਰ ਅੱਜ ਦੇ ਸਮਾਜ ਵਿੱਚ ਬੱਚੇ ਇਹ ਭੁੱਲ ਬੈਠੇ ਹਨ ਕਿ ਇਸ ਸਮਾਜ ਵਿਚ ਲਿਆਉਣ ਵਾਲੇ ਅਤੇ ਉਨ੍ਹਾਂ ਨੂੰ ਪੈਰਾਂ 'ਤੇ ਖੜ੍ਹਾ ਕਰਨ ਵਾਲੇ ਉਨ੍ਹਾਂ ਦੇ ਮਾਪੇ ਹਨ। ਅਸੀਂ ਦੇਖ ਸਕਦੇ ਹਾਂ ਕਿ ਸਾਡੇ ਦੇਸ਼ ਵਿਚ ਭਾਰੀ ਗਿਣਤੀ ਵਿਚ ਬਿਰਧ ਆਸ਼ਰਮ ਬਣ ਗਏ ਹਨ ਅਤੇ ਇਨ੍ਹਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਬੱਚੇ ਵੱਡੇ ਹੋ ਕੇ ਵਿਆਹ ਕਰਵਾ ਕੇ ਆਪਣੇ ਮਾਂ-ਬਾਪ ਤੋਂ ਦੂਰ ਹੋ ਜਾਂਦੇ ਹਨ ਪਰ ਮਾਂ-ਬਾਪ ਆਪਣੀ ਆਖਰੀ ਸਾਹ ਤੱਕ ਵੀ ਆਪਣੇ ਬੱਚਿਆਂ ਦੇ ਆਉਣ ਦੀ ਉਡੀਕ ਕਰਦੇ ਹਨ। ਅਸੀਂ ਅੱਜ ਜੋ ਵੀ ਹਾਂ ਅਤੇ ਇਕ ਬਹੁਤ ਹੀ ਵਧੀਆ ਕਾਲਜ ਵਿਚ ਵਿੱਦਿਆ ਪ੍ਰਾਪਤ ਕਰ ਰਹੇ ਹਾਂ ਅਤੇ ਇਹ ਸਭ ਕੁਝ ਸਾਡੇ ਮਾਤਾ-ਪਿਤਾ ਦੀ ਮਿਹਨਤ ਅਤੇ ਉਨ੍ਹਾਂ ਦੇ ਆਸ਼ੀਰਵਾਦ ਨਾਲ ਹੀ ਸੰਭਵ ਹੈ। ਮੈਂ ਆਪਣਾ ਇਹ ਵਿਚਾਰ ਦੇਣ ਤੋਂ ਬਾਅਦ ਇਹ ਆਸ ਕਰਦੀ ਹਾਂ ਕਿ ਕੋਈ ਵੀ ਮਾਤਾ-ਪਿਤਾ ਬੇਘਰ ਨਾ ਹੋਵੇ।

**ਅਨਮੋਲ ਕੌਰ**
**ਬੀ.ਏ. ਭਾਗ**

## ਮੇਰਾ ਕਾਲਜ

ਕਾਲਜ ਮੇਰਾ ਸਭ ਤੋਂ ਨਿਆਰਾ,
ਇਹ ਹੈ ਇਕ ਚਮਕਦਾ ਸਿਤਾਰਾ।
ਵਿਦਿਆਰਥੀ ਇਸਦੇ ਨੇ ਹਜ਼ਾਰਾਂ,
ਚਮਕਾਉਂਦੇ ਇਸਦਾ ਨਾਮ ਪਿਆਰਾ।
ਇਹ ਪਟਿਆਲੇ ਦੀ ਹੈ ਸ਼ਾਨ,
ਹਰ ਮੈਦਾਨ ਵਿਚ ਕਰੇ ਕਮਾਲ।
ਅਧਿਆਪਕ ਇਸਦੇ ਨੇ ਮਹਾਨ,
ਵੰਡਦੇ ਨੇ ਜੋ ਸੱਚਾ ਗਿਆਨ।
ਦਿਲ ਮੇਰਾ ਮੰਗੇ ਇਹੀ ਮੁਰਾਦ,
ਵਸਦਾ ਰਹੇ ਮੇਰਾ ਕਾਲਜ ਹਜ਼ਾਰਾਂ ਸਾਲ।

**ਅਨਮੋਲ ਕੌਰ**
**ਬੀ.ਏ. ਭਾਗ ਤੀਜਾ**

## ਵਿਦਿਆਰਥੀ ਵਿਦੇਸ਼ਾਂ ਵਿੱਚ ਕਿਉਂ ਜਾ ਰਹੇ ਹਨ

ਵਿਦਿਆਰਥੀ ਦੇਸ਼ ਦਾ ਭਵਿੱਖ ਹਨ। ਅੱਜਕੱਲ੍ਹ ਵਿਦਿਆਰਥੀਆਂ ਦਾ ਰੁਝਾਨ ਵਿਦੇਸ਼ ਵੱਲ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ।ਭਾਰਤ ਵਿੱਚ ਪੰਜਾਬ ਸੂਬੇ ਵਿਚੋਂ ਇਕ ਅਨੁਮਾਨ ਅਨੁਸਾਰ 34% ਵਿਦਿਆਰਥੀ ਵਿਦੇਸ਼ਾਂ ਵੱਲ ਰੁਖ਼ ਕਰ ਰਹੇ ਹਨ। ਕਹਿਣ ਤੋਂ ਭਾਵ ਪੰਜਾਬ ਵਿਚ ਸਭ ਤੋਂ ਜ਼ਿਆਦਾ ਬੱਚੇ ਵਿਦੇਸ਼ਾਂ ਵੱਲ ਜਾ ਰਹੇ ਹਨ ਜੋ ਕਿ ਇਕ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੇ ਮਹਾਨ ਯੋਧੇ ਮਿੱਟੀ ਨਾਲ ਜੁੜੇ ਹੋਣ ਕਰਕੇ ਆਪਣੇ ਦੇਸ਼ ਲਈ ਕੁਰਬਾਨੀਆਂ ਕਰ ਗਏ ਤੇ ਅਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਮੁੱਲ ਪਾਉਣ ਦੀ ਥਾਂ ਵਿਦੇਸ਼ਾਂ ਦਾ ਰੁਖ਼ ਕਰ ਰਹੇ ਹਾਂ। ਵਿਦਿਆਰਥੀਆਂ ਵਿੱਚ ਵਿਦੇਸ਼ ਜਾਣ ਦੇ ਰੁਝਾਨ ਪਿੱਛੇ ਕਈ ਕਾਰਨ ਅਤੇ ਮਜਬੂਰੀਆਂ ਵੀ ਹਨ ਜੋ ਕਿ ਵਿਦਿਆਰਥੀਆਂ ਦੇ ਵਿਦੇਸ਼ ਜਾਣ ਦੀ ਰੁਚੀ ਵਿਚ ਵਾਧਾ ਕਰਦੀਆਂ ਹਨ। ਸਭ ਤੋਂ ਪਹਿਲਾ ਕਾਰਨ ਸਰਕਾਰ ਦੀਆਂ

ਗਲਤ ਨੀਤੀਆਂ ਹਨ। ਸਰਕਾਰ ਨੂੰ ਹਰ ਸਾਲ ਸਿੱਖਿਆ ਬਜਟ ਵਿਚ ਵਾਧਾ ਕਰਨਾ ਚਾਹੀਦਾ ਹੈ ਪਰ ਸਰਕਾਰ ਦੇ ਮੰਤਰੀ ਆਪਣੇ ਨਿੱਜੀ ਮੁਫ਼ਾਦ ਜਾਂ ਲਾਲਚ ਕਾਰਣ ਇਹ ਬਜਟ ਘਟਾਉਂਦੇ ਹੀ ਜਾਂਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਿੱਖਿਆ ਬਜਟ ਵਿੱਚ ਵਾਧਾ ਕਰਕੇ ਵਿਦਿਆਰਥੀਆਂ ਨੂੰ ਪੂਰੀਆਂ ਸੁੱਖ ਸਹੂਲਤਾਂ ਮੁਹੱਈਆ ਕਰਵਾਵੇ ਤਾਂ ਜੋ ਵਿਦਿਆਰਥੀ ਆਪਣੇ ਭਵਿੱਖ ਨੂੰ ਬਰਕਤ ਭਰਪੂਰ ਬਣਾ ਸਕਣ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਜਿਹੀ ਨੀਤੀ ਬਣਾਵੇ ਜਿਸ ਨਾਲ ਵਿਦਿਆਰਥੀਆਂ ਨੂੰ ਗਿਆਨ ਦੇ ਨਾਲ-ਨਾਲ ਨੌਕਰੀ ਵੀ ਪ੍ਰਾਪਤ ਹੋ ਸਕੇ। ਉਨ੍ਹਾਂ ਨੂੰ ਧੱਕੇ ਨਾ ਖਾਣੇ ਪੈਣ ਅਤੇ ਨਾ ਨੌਜਵਾਨਾਂ ਨੂੰ ਕਿਸੇ ਪ੍ਰਕਾਰ ਦੇ ਧਰਨੇ ਵਿੱਚ ਸ਼ਾਮਲ ਹੋਣ ਲਈ ਮਜਬੂਰ ਹੋਣਾ ਪਵੇ। ਵਿਦਿਆਰਥੀਆਂ ਦੀ ਪੜ੍ਹਾਈ ਪੂਰੀ ਹੋਣ ਦੇ ਬਾਅਦ ਉਨ੍ਹਾਂ ਲਈ ਨੌਕਰੀ ਕਰਨ ਜਾਂ ਨੌਕਰੀ ਲਈ ਟ੍ਰੇਨਿੰਗ ਦਾ ਪੱਕਾ ਪ੍ਰਬੰਧ ਕੀਤਾ ਜਾਵੇ।

ਸਾਡਾ ਸਿੱਖਿਆ ਦਾ ਤਰੀਕਾ ਜਾਂ ਪੈਟਰਨ ਯਾਦਾਸ਼ਤ ਤੇ ਅਧਾਰਿਤ ਹੈ ਜਦ ਕਿ ਇਹ ਤਜਰਬੇ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਆਪਣੀ ਕਲਾ ਨੂੰ ਨਿਖਾਰਨ ਜਾਂ ਪ੍ਰਗਟ ਕਰਨ ਦਾ ਮੌਕਾ ਮਿਲ ਸਕੇ ਜਿਸ ਤੋਂ ਆਪਣੇ ਦੇਸ਼ ਦਾ ਨਾਮ ਰੌਸ਼ਨ ਕਰਦੇ ਹਨ ਅਤੇ ਦੇਸ਼ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ, ਦੂਜਾ ਕਾਰਣ ਇਸ ਦਾ ਗਰੀਬੀ ਹੈ। ਪਿੰਡਾਂ ਵਿੱਚ ਜ਼ਿਆਦਾਤਰ ਜ਼ਮੀਨ ਵੇਚ ਕੇ ਜਾਂ ਗਹਿਣੇ ਰੱਖ ਕੇ ਆਪਣੇ ਧੀਆਂ-ਪੁੱਤਾਂ ਨੂੰ ਭੇਜਣ ਦਾ ਰੁਝਾਨ ਵੀ ਕਾਫ਼ੀ ਹੈ। ਪਿੰਡਾਂ ਵਿੱਚ ਕਿਸਾਨਾਂ ਕੋਲੋਂ ਆੜਤੀਆਂ ਦੇ ਕਰਜੇ ਜਾਂ ਪੈਸੇ ਨਾ ਚੁਕਾਏ ਜਾਣ ਕਾਰਣ ਉਹ ਆਪਣੇ ਧੀਆਂ-ਪੁੱਤਾਂ ਨੂੰ ਮਜਬੂਰੀ ਵਸ ਬੈਂਕਾਂ ਕੋਲੋਂ ਕਰਜ਼ੇ ਦਾ ਹੋਰ ਬੋਝ ਪਾ ਲੈਂਦੇ ਹਨ ਅਤੇ ਇਹ ਕਰਜ਼ੇ ਦਾ ਦੈਂਤ ਕਈ ਕਿਸਾਨਾਂ ਦੀਆਂ ਜਾਨਾਂ ਵੀ ਲੈ ਬੈਠਦਾ ਹੈ।

ਪੰਜਾਬ ਦੀ ਪਨੀਰੀ ਆਪਣੇ ਪੰਜਾਬ ਦੀ ਸੇਵਾ ਅਤੇ ਕੁਰਬਾਨੀ ਕਰਨ ਦੀ ਬਜਾਏ ਵਿਦੇਸ਼ਾਂ ਵਲ ਰੁਖ਼ ਕਰ ਰਹੀ ਹੈ ਜੋ ਕਿ ਪੰਜਾਬ ਲਈ ਠੀਕ ਨਹੀਂ। ਅਸੀਂ ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ਾਂ ਦੇ ਹੀ ਗੁਲਾਮ ਰਹੇ ਹਾਂ ਅਤੇ ਅੱਜ ਅਜਾਦ ਹੋਣ 'ਤੇ ਵੀ ਉਨ੍ਹਾਂ ਦੇ ਹੀ ਗੁਲਾਮ ਬਣਨ ਲਈ ਵਿਦੇਸ਼ਾਂ ਦਾ ਰੁਖ਼ ਕਰ ਰਹੇ ਹਾਂ। ਤੀਜਾ ਕਾਰਨ ਕੰਮ ਦੇ ਪੂਰੇ ਮੁੱਲ ਦੇ ਨਾ ਪੈਣ ਭਾਵ ਜੇਕਰ ਕੋਈ ਵਿਦਿਆਰਥੀ ਕਿਸੇ ਕੰਪਨੀ ਜਾਂ ਦੁਕਾਨ 'ਤੇ ਨੌਕਰੀ ਕਰਦਾ ਹੈ ਤਾਂ ਉਸ ਦੀ ਤਨਖਾਹ ਪੜ੍ਹਾਈ ਲਈ ਜਾਂ ਉਸ ਲਈ ਗੁਜ਼ਾਰਾਯੋਗ ਨਹੀਂ ਹੁੰਦੀ। ਇਹ ਪੈਸੇ ਉਸ ਲਈ ਸੀਮਤ ਹੁੰਦੇ ਹਨ। ਇੱਥੋਂ ਤੱਕ ਵਿਦਿਆਰਥੀ ਇਨ੍ਹਾਂ ਪੈਸਿਆਂ ਵਿੱਚੋਂ ਕੁੱਝ ਪੈਸੇ ਜੋੜਨ ਜੋਗਾ ਵੀ ਨਹੀਂ ਰਹਿੰਦਾ। ਵਿਦੇਸ਼ਾਂ ਵਿੱਚ ਤਨਖਾਹ ਵੀ ਕੰਮ ਦੇ ਹਿਸਾਬ ਨਾਲ ਚੰਗੀ ਮਿਲਦੀ ਹੈ ਅਤੇ ਮਿਹਨਤ ਦਾ ਪੂਰਾ ਮੁੱਲ ਪੈਂਦਾ ਹੈ। ਉੱਥੋਂ ਦੇ ਸਾਫ਼-ਸੁਥਰੇ ਮਾਹੌਲ ਅਤੇ ਨਿਯਮ ਅਨੁਸਾਰ ਚੱਲਣ ਦਾ ਰੁਝਾਨ ਵੀ ਵਿਦਿਆਰਥੀਆਂ ਨੂੰ ਵਿਦੇਸ਼ਾਂ ਦਾ ਰੁਖ਼ ਕਰਨ ਸਹਾਇਤਾ ਕਰਦਾ ਹੈ। ਸੋ ਸਰਕਾਰ ਅਤੇ ਸਮਾਜ ਸੇਵੀ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ ਸਿੱਖਿਆ ਬਜਟ ਵਿੱਚ ਵਾਧਾ ਕਰਕੇ ਇਕ ਵਧੀਆ ਅਤੇ ਯੋਗ ਸਿੱਖਿਆ ਨੀਤੀ ਬਣਾਏ ਕਿਉਂਕਿ ਵਿਦੇਸ਼ਾਂ ਵਿੱਚ ਜਾ ਕੇ ਵਿਦਿਆਰਥੀ ਉੱਥੋਂ ਦੇ ਹੀ ਹੋ ਜਾਂਦੇ ਹਨ ਅਤੇ ਕਈ ਵਾਰ ਉੱਥੇ ਨਾਗਰਿਕਤਾ ਪ੍ਰਾਪਤ ਕਰਕੇ ਉੱਥੋਂ ਦੇ ਪੱਕੇ ਵਸਨੀਕ ਵੀ ਬਣ ਜਾਂਦੇ ਹਨ। ਬਾਅਦ ਵਿੱਚ ਵਿਦਿਆਰਥੀ ਆਪਣੇ ਪਿੰਡ ਜਾਂ ਸ਼ਹਿਰ ਨੂੰ ਸਾਲਾਂ ਬੱਧੀ ਨਾ ਦੇਖਣ ਆਉਂਦੇ ਹਨ ਅਤੇ ਨਾ ਹੀ ਇਸ ਵਿਚ ਦਿਲਚਸਪੀ ਰੱਖਦੇ ਹਨ। ਕੋਈ ਵਿਰਲਾ ਹੀ ਵਿਦਿਆਰਥੀ ਆਪਣੀ ਮਿੱਟੀ ਨਾਲ ਜੁੜਿਆ ਹੋਣ ਕਰਕੇ ਵਾਪਸ ਆਉਂਦਾ ਹੈ ਅਤੇ ਫਿਰ ਉਸ ਵਿਦਿਆਰਥੀ ਨੂੰ ਸੰਬੰਧਤ ਦੇਸ਼ਾਂ ਵਾਲੇ ਕਹਿ ਕੇ ਮਜ਼ਾਕ ਕੀਤਾ ਜਾਂਦਾ ਹੈ ਜਿਵੇਂ ਕਨੇਡਾ ਗਏ ਨੂੰ ਕਨੇਡਾ ਵਾਲੇ ਕਿਹਾ ਜਾਂਦਾ ਹੈ। ਸੋ ਵਿਦਿਆਰਥੀਆਂ ਵਿਚ ਇਹ ਰੁਚੀ ਘਟਾਉਣ ਲਈ ਵਿਦਿਆਰਥੀਆਂ ਨੂੰ ਯੋਗ ਸਿੱਖਿਆ ਅਤੇ ਵਧੀਆ ਸਹੂਲਤਾਂ ਮੁਹੱਈਆ ਕਰਵਾਉਣੀਆਂ ਚਾਹੀਦੀਆਂ ਹਨ ਤਾਂ ਜੋ ਵਿਦਿਆਰਥੀ ਆਪਣੇ ਦੇਸ਼ ਦਾ ਨਾਂ ਰੌਸ਼ਨ ਕਰ ਸਕਣ ਅਤੇ ਦੇਸ਼ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾ ਸਕਣ।

**ਅਰਸ਼ਪ੍ਰੀਤ ਸਿੰਘ**
**ਬੀ.ਏ. ਭਾਗ ਤੀਜਾ**

## ਚੱਕਰਵਿਊ

ਯਾਦ ਆਉਂਦੀ ਜਦ ਵੀ
ਅਧੂਰੇ ਸਫ਼ਰ ਦੀ ਦਾਸਤਾਨ
ਬੀਤੇ ਦੀ ਮਹਿਕ ਅੱਖਾਂ ਚੋਂ
ਅੱਥਰੂ ਬਣ ਬਣ ਰਿਸਦੀ ਹੈ।
ਉਂਝ ਤਾਂ ਅੱਜ ਵੀ ਮੇਰੇ ਨਾਲ
ਜ਼ਿੰਦਗੀ ਦੀਆਂ ਅਨੇਕ ਹਰਕਤਾਂ ਨੇ
ਪਰ ਅੰਦਰੇ-ਅੰਦਰ ਕੁਝ ਟੁਟਦਾ ਮਹਿਸੂਸ ਕਰਦਾ ਹਾਂ।
ਜਿਵੇਂ ਰੂਹ ਅੰਦਰ
ਅਧੂਰੇਪਨ ਦੀ ਕਸਕ ਬਾਕੀ ਹੋਵੇ।
ਇਕ ਵਕਤ ਸੀ
ਜਦ ਇਕੱਠਿਆਂ ਹੋਇਆਂ ਬਿਨ
ਰਹਿ ਨਹੀਂ ਸੀ ਸਕਦੇ
ਤੇ ਇੱਕ ਵੇਲਾ ਇਹ ਹੈ
ਜੇ ਸੁਪਨੇ ਵਿੱਚ ਵੀ ਮਿਲੀਏ
ਤਾਂ ਰੂਹਾਂ ਤੀਕ ਕੰਬ ਜਾਂਦੇ ਹਾਂ।
ਏਨਾ ਫ਼ਰਕ ਕਿਵੇਂ ਆ ਗਿਆ
ਰਿਸ਼ਤਿਆਂ ਦੇ ਇਸ ਸੰਦਲੀ ਮੁਕਾਮ 'ਤੇ ਹੀ
ਖ਼ਾਹਿਸ਼ ਤਾਂ ਇਹ ਸੀ
ਕਿ ਰੂਹਾਂ ਤੀਕ ਮਿਲ ਜਾਈਏ
ਰਿਸ਼ਤਿਆਂ ਦੀ ਸਿਖ਼ਰ ਤੋਂ ਸਿਖ਼ਰ ਤੱਕ ਦੀ
ਯਾਤਰਾ ਕਰ ਆਈਏ
ਪਰ ਮੋਏ ਰਿਸ਼ਤਿਆਂ ਦੀ ਲਛਮਣ ਰੇਖਾ
ਸਹੇੜ ਹੀ ਲੈਂਦਾ ਹੈ ਆਦਮੀ
ਤੇ ਕੈਦੀ ਹੋ ਕੇ ਰਹਿ ਜਾਂਦਾ ਹੈ
ਉਮਰ ਦੇ ਅਣਗਾਹੇ ਜੰਗਲਾਂ ਦਾ।
ਕੋਸ਼ਿਸ਼ ਤਾਂ ਮੈਂ ਵੀ ਕੀਤੀ ਸੀ
ਕਿ ਕਿਵੇਂ ਨਾ ਕਿਵੇਂ
ਕਿਸੇ ਨਾ ਕਿਸੇ ਤਰ੍ਹਾਂ
ਇਸ ਗਿਲਾਨੀ ਭਰੇ ਅਹਿਸਾਸ ਤੋਂ ਮੁਕਤ ਹੋਵਾਂ
ਤੇ ਤੈਨੂੰ ਅਪਣਾ ਲਵਾਂ ਪੂਰੇ ਦਾ ਪੂਰਾ
ਪਰ ਆਪਣੇ ਅਧੂਰੇਪਨ ਦਾ ਅਹਿਸਾਸ
ਹਰ ਵਾਰ ਮੇਰੇ ਸਾਹਵੇਂ ਏਕਲੱਵਯ ਬਣ ਖੜ੍ਹਿਆ
ਤੇ ਰਿਸ਼ਤਿਆਂ ਦੇ ਕੁਰੂਕਸ਼ੇਤਰ ਵਿੱਚ ਮੈਂ
ਅਰਜੁਨ ਦੀ ਹੋਣੀ ਤੋਂ ਅਗਾਂਹ ਨਾ ਲੰਘ ਸਕਿਆ।
ਮੰਨਦਾਂ ਕਿ
ਰਿਸ਼ਤਿਆਂ ਦੀ ਗੁਰੂਦੱਖਣਾ ਵੇਲੇ ਮੈਂ
ਅਚਾਨਕ ਹੀ ਕਰ ਦਿੱਤਾ ਸੀ ਤੈਨੂੰ ਅੱਗੇ
ਤੇ ਆਪ, ਆਪਣੇ ਆਪ ਤੋਂ ਮੂੰਹ ਛੁਪਾਉਂਦਾ
ਪਰਤ ਆਇਆ ਸਾਂ
ਰਿਸ਼ਤਿਆਂ ਦੀਆਂ ਲਛਮਣ ਰੇਖਾਵਾਂ ਅੰਦਰ।
ਹੁਣ ਮੈਂ ਇਸ ਗੁਨਾਹ ਤੋਂ ਸਿਰਫ਼
ਨਜਾਤ ਦੀ ਨਹੀਂ ਸੋਚਦਾ
ਨਾ ਹੀ ਇਹ

ਕਿ ਇਤਿਹਾਸ ਦੇ ਪੰਨਿਆਂ ’ਤੇ ਮੇਰਾ ਨਾਂ
ਸੁਨਹਿਰੀ ਅੱਖਰਾਂ ਵਿੱਚ ਕਿਉਂ ਨਾ ਆਵੇ
ਪਤਾ ਨਹੀਂ ਕਿਉਂ
ਅੱਜ ਇਹਨਾਂ ਮੋਏ ਰਿਸ਼ਤਿਆਂ ਦੀਆਂ ਰੇਖਾਵਾਂ ਉਲੰਘ ਕੇ
ਤੇਰੇ ਕੋਲ ਆਉਣ ਦਾ ਜੀਅ ਕਰਦਾ ਹੈ
ਵਰ੍ਹਿਆਂ ਦੀ ਪੀੜ ਨੂੰ
ਤੇਰੇ ਕੋਲ ਆ ਕੇ ਸਕੂਨ ਮਿਲਿਆ ਸੀ
ਤੇ ਮੈਂ ਨਿਮੋਹਾ ਇਹ ਸਮਝ ਬੈਠਾ
ਕਿ ਮੇਰੇ ਨਾਲ ਹੀ ਤੇਰਾ ਵਜੂਦ ਹੈ
ਇਹ ਅਹਿਸਾਸ ਤਾਂ ਹੁਣ ਹੋਇਆ ਹੈ
ਕਿ ਅਰਜੁਨ ਵਾਂਗ ਮੈਂ ਵੀ
ਮੋਈ ਅੱਖ ਦਾ ਹੀ ਨਿਸ਼ਾਨਚੀ ਹਾਂ
ਜਿਉਂਦੀ ਅੱਖ ਦਾ ਇਸ਼ਾਰਾ ਸਮਝਣ ਦਾ ਹੁਨਰ
ਮੇਰੇ ’ਚ ਕਿੱਥੇ
ਮੈਂ ਤਾਂ ਸਿਰਫ਼ ਚੱਕਰਵਿਊ ’ਚ ਜਾਣਾ ਹੀ ਸਿੱਖਿਆ ਸੀ
ਉਸਦੇ ਅੰਦਰ ਸਮਾ ਜਾਣਾ
ਉਸਦਾ ਸੰਪੂਰਨ ਅੰਤ ਸੀ
ਜਿਸਨੂੰ ਮੇਰੇ ਸਵਾਰਥ ਦੇ ਤਲਿੱਸਮ ਨੇ
ਅਣਗੌਲਿਆਂ ਕਰ ਦਿੱਤਾ
ਤੇ ਉਮਰਾਂ ਦੀ ਮੌਤ ਸਹੇੜ ਲਈ...

**ਪ੍ਰੋ. ਦੀਪਕ ਧਲੇਵਾਂ**
**ਪੰਜਾਬੀ ਵਿਭਾਗ**

## ਰਿਸ਼ਤਿਆਂ ਦੀ ਘਟਦੀ ਅਹਿਮੀਅਤ

ਮਨੁੱਖ ਦੀ ਜ਼ਿੰਦਗੀ ਵਿੱਚ ਕਈ ਤਰ੍ਹਾਂ ਦੇ ਰਿਸ਼ਤੇ ਹਨ। ਅਸਲੀ ਮਨੁੱਖ ਉਹ ਹੀ ਹੈ ਜੋ ਇਹਨਾਂ ਰਿਸ਼ਤਿਆਂ ਨੂੰ ਪਹਿਚਾਣਦਾ ਹੈ। ਉਹਨਾਂ ਦੀ ਕਦਰ ਜਾਣਦਾ ਹੈ। ਪੁਰਾਣੇ ਸਮੇਂ ’ਤੇ ਅੱਜ ਦੇ ਸਮੇਂ ਵਿੱਚ ਬਹੁਤ ਤਬਦੀਲੀ ਆ ਗਈ ਹੈ। ਇਸ ਤਬਦੀਲੀ ਨੇ ਮਨੁੱਖ ਦੀ ਸੋਚਣੀ ਵਿੱਚ ਬਹੁਤ ਅੰਤਰ ਪੈਦਾ ਕੀਤਾ ਹੈ। ਜਿਸ ਤਰ੍ਹਾਂ ਪੁਰਾਣੇ ਸਮਿਆਂ ਵਿੱਚ ਹਰ ਇੱਕ ਰਿਸ਼ਤੇ ਦਾ ਸਨਮਾਨ ਕੀਤਾ ਜਾਂਦਾ ਸੀ, ਅੱਜ-ਕੱਲ੍ਹ ਅਜਿਹੀ ਸੋਚ ਨਹੀਂ ਰਹੀ, ਰਿਸ਼ਤਿਆਂ ਦੀ ਅਹਿਮੀਅਤ ਘਟ ਰਹੀ ਹੈ। ਕਦੇ ਉਹ ਵੀ ਸਮਾਂ ਸੀ ਕਿ ਜਦੋ ਕਿਸੇ ਰਿਸ਼ਤੇਦਾਰ ਨੂੰ ਘਰ ਆਇਆ ਦੇਖ ਕੇ ਖੁਸ਼ੀ ਦੀ ਹੱਦ ਨਹੀਂ ਸੀ ਰਹਿੰਦੀ, ਰਿਸ਼ਤੇਦਾਰ ਨਾਲ ਬੜੀ ਅਪਣੱਤ ਨਾਲ ਪੇਸ਼ ਆਇਆ ਜਾਂਦਾ ਸੀ ਪਰ ਅੱਜ ਕੱਲ੍ਹ ਬੜਾ ਘੱਟ ਹੀ ਦੇਖਣ ਨੂੰ ਮਿਲਦਾ ਹੈ। ਲੋਕਾਂ ਵਿੱਚ ਪਹਿਲਾਂ ਵਾਂਗ ਸਾਂਝ-ਪਿਆਰ ਨਹੀਂ ਹੈ। ਕਿਸੇ ਨੂੰ ਘਰ ਆਇਆ ਦੇਖ ਕੇ ਮੱਥੇ ਤਿਊੜੀਆ ਪੈ ਜਾਂਦੀਆਂ ਹਨ ਨਾ ਕੋਈ ਕਿਸੇ ਦੇ ਘਰ ਜਾਣਾ ਚਾਹੁੰਦਾ ਹੈ। ਹਰ ਇੱਕ ਬੰਦਾ ਆਪਣੇ ਆਪ ਵਿੱਚ ਐਨਾ ਰੁੱਝਿਆ ਹੋਇਆ ਹੈ ਕਿ ਕਿਸੇ ਲਈ ਉਸ ਕੋਲ ਵਕਤ ਨਹੀਂ ਹੈ। ਨਿੱਜੀ ਜਿੰਦਗੀ ਵਿੱਚ ਕਿਸੇ ਰਿਸ਼ਤੇ ਦਾ ਦਖ਼ਲ ਪਸੰਦ ਨਹੀਂ ਕੀਤਾ ਜਾਂਦਾ। ਮਨੁੱਖ ਆਪਣੇ ਰੁਝੇਵਿਆਂ ਵਿੱਚ ਐਨੀ ਬੁਰੀ ਤਰ੍ਹਾਂ ਉਲਝਿਆ ਹੋਇਆ ਹੈ ਕਿ ਉਸ ਕੋਲ ਇਨ੍ਹਾਂ ਸਮਾਂ ਨਹੀਂ ਕਿ ਉਹ ਇਨਾਂ ਝੰਜਟਾਂ ਵਿਚੋਂ ਨਿਕਲ ਕੇ ਰਿਸ਼ਤਿਆਂ ਦੇ ਨਿੱਘ ਨੂੰ ਮਾਣ ਸਕੇ।

**ਸੰਦੀਪ ਕੌਰ**
**ਐਮ.ਏ. ਭਾਗ ਪਹਿਲਾ**

## ਮਿਹਨਤ ਦਾ ਫਲ

ਇੱਕ ਪਿੰਡ ਵਿੱਚ ਦੋ ਪੱਕੇ ਦੋਸਤ ਰਹਿੰਦੇ ਸਨ। ਇੱਕ ਦਾ ਨਾਂ ਗੀਤ ਸੀ ਤੇ ਦੂਜੇ ਦਾ ਨਾਂ ਮੀਤ। ਪੜ੍ਹਨ ਵਿੱਚ ਦੋਨੋਂ ਹੀ ਬਹੁਤ ਹੁਸ਼ਿਆਰ ਸਨ। ਫਰਕ ਸਿਰਫ਼ ਇਹ ਸੀ ਕਿ ਗੀਤ ਲਗਨ ਤੇ ਮਿਹਨਤ ਨਾਲ ਪਹਿਲੇ ਨੰਬਰ ਤੇ ਆਉਂਦਾ ਸੀ ਜਦ ਕਿ ਮੀਤ ਥੋੜ੍ਹੀ ਜਿਹੀ ਲਾਪਰਵਾਹੀ ਕਰਕੇ ਦੂਸਰੇ ਨੰਬਰ ’ਤੇ ਆਉਂਦਾ ਸੀ। ਗੀਤ ਦੇ ਪਿਤਾ ਜੀ ਇਕ ਗਰੀਬ ਕਿਸਾਨ ਸਨ ਅਤੇ ਮੀਤ ਦੇ ਪਿਤਾ ਜੀ ਇੱਕ ਅਮੀਰ ਆਦਮੀ ਸਨ। ਸ਼ਾਇਦ ਮੀਤ ਦੀ ਲਾਪਰਵਾਹੀ ਦਾ ਕਾਰਣ ਇਹ ਹੀ ਸੀ।

ਇਮਤਿਹਾਨ ਨੇੜੇ ਆ ਰਹੇ ਸਨ। ਉਨ੍ਹਾਂ ਦੇ ਅਧਿਆਪਕ ਨੇ ਐਲਾਨ ਕੀਤਾ ਕਿ ਜੋ ਵੀ ਬੱਚਾ ਫਸਟ ਆਵੇਗਾ, ਉਸ ਨੂੰ 500 ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਇਸ ਕਾਰਨ ਗੀਤ ਅਤੇ ਮੀਤ ਦੋਵੇਂ ਹੀ ਕਿਸੇ ਵੀ ਹਾਲਤ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨਾ ਚਾਹੁੰਦੇ ਸਨ।ਮੀਤ ਨੇ ਘਰ ਜਾ ਕੇ ਇਨਾਮ ਬਾਰੇ ਆਪਣੀ ਦਾਦੀ ਨੂੰ ਦੱਸਿਆ। ਮੀਤ ਦੀ ਦਾਦੀ ਪਾਖੰਡੀ ਬਾਬਿਆਂ ਤੇ ਕੁੱਝ ਜਿਆਦਾ ਹੀ ਵਿਸ਼ਵਾਸ ਰੱਖਦੀ ਸੀ। ਇਸ ਲਈ ਉਹ ਮੀਤ ਨੂੰ ਇਕ ਦਿਨ ਪਿੰਡ ਵਿੱਚ ਰਹਿੰਦੇ ਇਕ ਪਾਖੰਡੀ ਬਾਬੇ ਕੋਲ ਲੈ ਕੇ ਚਲੀ ਗਈ। ਮੀਤ ਦੀ ਦਾਦੀ ਨੇ ਬਾਬੇ ਨੂੰ ਦੱਸਿਆ ਕਿ ਮੀਤ ਆਪਣੀ ਕਲਾਸ ਵਿੱਚੋਂ ਫਸਟ ਆਉਣਾ ਚਾਹੁੰਦਾ ਹੈ। ਇਸ ਲਈ ਮੈਂ ਇਸਨੂੰ ਤੁਹਾਡੇ ਕੋਲ ਲੈ ਕੇ ਆਈ ਹਾਂ। ਬਾਬੇ ਨੇ ਮੀਤ ਨੂੰ ਕਿਹਾ ਕਿ ਉਸਨੂੰ ਪੜ੍ਹਨ ਦੀ ਕੋਈ ਲੋੜ ਨਹੀਂ ਹੈ। ਉਹ ਬਸ ਹਰ ਰੋਜ ਡੇਰੇ ਤੇ ਆਇਆ ਕਰੇ ਤੇ 2100 ਰੁਪਏ ਦਾ ਚੜਾਵਾ ਚੜ੍ਹਾ ਜਾਵੇ। ਫਿਰ ਉਸ ਨੂੰ ਫਸਟ ਆਉਣ ਤੋਂ ਕੋਈ ਨਹੀਂ ਰੋਕ ਸਕਦਾ। ਮੀਤ ਨੇ ਬਾਬੇ ਦੇ ਕਹੇ ਅਨੁਸਾਰ ਹੀ ਸਭ ਕੁੱਝ ਕੀਤਾ। ਬਾਬੇ ਉੱਪਰ ਭਰੋਸਾ ਕਰਕੇ ਮੀਤ ਨੇ ਪੜ੍ਹਨਾ ਬਿਲਕੁਲ ਛੱਡ ਦਿੱਤਾ। ਜਦੋਂ ਕਿ ਦੂਸਰੇ ਪਾਸੇ ਗੀਤ ਪੂਰੇ ਜੀਅ-ਜਾਨ ਨਾਲ ਪੜ੍ਹ ਰਿਹਾ ਸੀ। ਪੇਪਰ ਹੋਏ ਦੋਵੇਂ ਬੜੇ ਖੁਸ਼ ਸਨ। ਦੋਵਾਂ ਨੂੰ ਪਹਿਲੇ ਸਥਾਨ ਤੇ ਆਉਣ ਦੀ ਉਮੀਦ ਸੀ। ਆਖਰ ਉਹ ਦਿਨ ਵੀ ਆ ਗਿਆ ਜਿਸ ਦਿਨ ਨਤੀਜਾ ਘੋਸ਼ਿਤ ਕੀਤਾ ਜਾਣਾ ਸੀ। ਅਧਿਆਪਕ ਨੇ ਨਤੀਜਾ ਘੋਸ਼ਿਤ ਕੀਤਾ ਤਾਂ ਮੀਤ ਹੈਰਾਨ ਰਹਿ ਗਿਆ ਕਿਉਂਕਿ ਗੀਤ ਇਸ ਵਾਰ ਫਿਰ ਪਹਿਲੇ ਸਥਾਨ ਤੇ ਸੀ, ਜਦੋਂ ਅਧਿਆਪਕ ਨੇ ਗੀਤ ਨੂੰ 500 ਰੁਪਏ ਦਿੱਤੇ ਤਾਂ ਸਾਰੇ ਬੱਚਿਆਂ ਨੇ ਖੁਸ਼ੀ ਵਿੱਚ ਤਾੜੀਆਂ ਮਾਰੀਆਂ, ਮੀਤ ਨੀਵੀਂ ਪਾਈ ਚੁੱਪਚਾਪ ਬੈਠਾ ਸੀ।

ਨਤੀਜੇ ਤੋਂ ਬਾਅਦ ਅਧਿਆਪਕ ਨੇ ਮੀਤ ਤੋਂ ਉਸਦੇ ਪਿੱਛੇ ਰਹਿਣ ਦਾ ਕਾਰਣ ਪੁੱਛਿਆ ਤਾਂ ਮੀਤ ਨੇ ਸਭ ਕੁੱਝ ਸੱਚ ਦੱਸ ਦਿੱਤਾ। ਅਧਿਆਪਕ ਨੇ ਸਮਝਾਉਂਦੇ ਹੋਏ ਕਿਹਾ ਕਿ ਦੇਖ ਬੇਟਾ। ਜੇਕਰ ਤੂੰ ਉਸ ਪਾਖੰਡੀ ਬਾਬੇ ਦੀਆਂ ਗੱਲਾਂ ਵਿੱਚ ਨਾ ਆ ਕੇ,ਉਹੀ ਸਮਾਂ ਮਿਹਨਤ ਕਰਦਾ ਤਾਂ ਸ਼ਾਇਦ ਅੱਜ ਗੀਤ ਦੀ ਜਗ੍ਹਾ ਤੂੰ ਖੜ੍ਹਾ ਹੁੰਦਾ। ਤੈਨੂੰ ਪਹਿਲੇ ਨੰਬਰ ਤੇ ਆਉਣ ਦਾ ਵਿਸ਼ਵਾਸ ਸੀ ਪਰ ਮਿਹਨਤ ਤੋਂ ਬਿਨ੍ਹਾਂ ਵਿਸ਼ਵਾਸ ਦੇ ਕੋਈ ਅਰਥ ਨਹੀਂ ਹੁੰਦੇ। ਮਿਹਨਤ ਦੀ ਮਿੱਟੀ ਵਿੱਚ ਹੀ ਸਫ਼ਲਤਾ ਦਾ ਬੂਟਾ ਪੈਦਾ ਹੁੰਦਾ ਹੈ। ਪਰ ਚੰਗੀ ਗੱਲ ਇਹ ਹੈ ਕਿ ਤੈਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ। ਇਸ ਲਈ ਅੱਗੇ ਤੋਂ ਹਮੇਸ਼ਾ ਜੀਵਨ ਵਿੱਚ ਮਿਹਨਤ ਉੱਪਰ ਭਰੋਸਾ ਰੱਖੀਂ। ਤੈਨੂੰ ਤੇਰੀ ਮਿਹਨਤ ਦਾ ਫਲ ਜ਼ਰੂਰ ਮਿਲੇਗਾ। ਜਿਸ ਤਰ੍ਹਾਂ ਗੀਤ ਨੂੰ ਉਸ ਦੀ ਮਿਹਨਤ ਦਾ ਫਲ ਮਿਲਿਆ ਹੈ।

**ਰਿਤੂ ਬੇਗਮ**
**ਬੀ.ਏ. ਭਾਗ ਪਹਿਲਾ**

## ਕਵਿਤਾ

ਕੁੱਝ ਲਿਖਿਆ ਨਵੇਂ ਸਾਲ ’ਤੇ
ਲਫ਼ਜ਼ ਆਏ ਦਿਲ ’ਚੋਂ ਬਾਹਰ ਨੇ
ਮਿਲੇ ਨਵੇਂ ਜੋ ਬਹੁਤ ਸਿਆਣੇ
ਪਿੱਛੇ ਰਹਿ ਗਏ ਖ਼ਾਸ ਪੁਰਾਣੇ
ਕੁੱਝ ਸ਼ੱਕੀ ਮੇਰੇ ਖਿਆਲ ਨੇ
ਕੁੱਝ ਲਿਖਿਆ ਨਵੇਂ...
ਬੜਾ ਹੱਸ ਖੇਡ ਕੇ ਬੀਤ ਗਿਆ

ਕੁੱਝ ਗਰਮ ਕੁੱਝ ਸੀਤ ਗਿਆ
ਕੁੱਝ ਸੁਪਨੇ ਬਣ ਗਏ ਯਾਦਾਂ ਨੇ
ਬਹੁ ਪੜ੍ਹਿਆਂ ਵਿੱਚ ਕਿਤਾਬਾਂ ਦੇ
ਆਇਆ ਤਰਸ ਬੇਹਾਲ 'ਤੇ
ਕੁੱਝ ਲਿਖਿਆ ਨਵੇਂ...
ਜਿੰਨੇ ਹੋਣੇ ਜ਼ੁਲਮ ਗਰੀਬਾਂ 'ਤੇ
ਕਿੰਨਾ ਰੋਣਾ ਪਊ ਨਸੀਬਾਂ 'ਤੇ
ਕਦੋਂ ਅੱਖ ਹਕੂਮਤ ਖੋਲ੍ਹੇਗੀ
ਕਦੋਂ ਕੌਮ ਮੇਰੀ ਕੁੱਝ ਬੋਲੇਗੀ
ਅਵਾਜ਼ ਉਠਾ ਅੱਤਿਆਚਾਰ 'ਤੇ
ਕੁੱਝ ਲਿਖਿਆ ਨਵੇਂ...
ਕੁੱਝ ਲਾਰਾ ਲਾ ਕੇ ਚਲੇ ਗਏ
ਕਈ ਦੇਸ਼ ਹੀ ਖਾ ਕੇ ਚਲੇ ਗਏ
ਕਦੋਂ ਅੱਛੇ ਦਿਨ ਆਉਣਗੇ?
ਭੋਲੇ ਲੋਕ ਹੀ ਰਗੜੇ
ਲੁਟੇਰੇ ਤਾਂ ਬਾਹਰ ਨੇ
ਕੁੱਝ ਲਿਖਿਆ ਨਵੇਂ...

**ਸਿਮਰਨ ਕੌਰ ਸੰਧੂ**
**ਬੀ.ਐਸ.ਸੀ. ਮੈਡੀਕਲ**

## ਮੈਂ

ਜਿਹੜੇ ਕਰਦੇ ਮੈਂ-ਮੈਂ
ਮੈਂ 'ਤੇ ਹੀ ਰੁਕ ਜਾਂਦੇ
ਮੈਂ ਤੋਂ ਹੋ ਕੇ ਉੱਪਰ
ਕੁਦਰਤ ਦਾ ਮਜ਼ਾ ਨਾ ਲੈ ਪਾਂਦੇ
ਮੈਂ, ਹੱਥਕੜੀ ਦਾ ਨਾਮ ਵੇ ਬੰਦਿਆ
ਜੋ ਤੈਨੂੰ ਬੰਨ ਕੇ ਰੱਖਣਾ ਚਾਹੇ
ਕਿਉਂ ਸਮਝੇਂ ਨਾ ਤੂੰ ਕੁਦਰਤ ਨੂੰ
ਜੋ ਫਕੀਰਾਂ ਵਾਂਗਰ ਰਹਿਣ ਸਿਖਾਵੇ
ਮੈਂ ਰੱਬ ਤੋਂ ਦੂਰੀ ਦਾ ਨਾਮ ਬੰਦਿਆ
ਰੀਤ ਏ ਜਗ ਝੂਠਾ ਸਾਰਾ
ਛੱਡ ਮੈਂ ਰੱਬਾ ਤੂੰ ਹੀ ਕਹਿ ਵੇ ਬੰਦਿਆ

**ਸਮਰੀਤ ਕੌਰ**
**ਬੀ.ਏ. ਭਾਗ ਦੂਜਾ**

## ਗਜ਼ਲ

ਕਾਲਖ਼ਾਂ ਵਾਲਾ ਦੌਰ ਇਹ ਸੰਵਰ ਕਿਉਂ ਨਹੀਂ ਜਾਂਦਾ
ਉਹਦੇ ਵਾਂਗੂੰ ਸਮਾਂ ਇਹ ਗੁਜ਼ਰ ਕਿਉਂ ਨਹੀਂ ਜਾਂਦਾ
ਆਲ੍ਹਣਾ ਬਣਾਕੇ, ਸਾਰੀ ਪੂੰਜੀ ਉਸ ਉੱਤੇ ਲਾ ਕੇ,
ਪੰਛੀ ਇੱਕ ਅਪਣੇ ਹੀ ਘਰ ਕਿਉਂ ਨਹੀਂ ਜਾਂਦਾ
ਪਲ-ਪਲ ਮਰੇ ਜਿਹੜਾ, ਇਸ਼ਕੇ ਤੋਂ ਲੁੱਟ ਹੋ ਕੇ,
ਇੱਕੋ ਝਟਕੇ ਦੇ ਵਿਚ ਹੀ ਉਹ ਮਰ ਕਿਉਂ ਨਹੀਂ ਜਾਂਦਾ
ਕਰ ਕੇ ਜ਼ੁਰਮ ਜੀਹਨੇ ਦੀਦਿਆਂ ਨੂੰ ਖੋਹ ਲਿਆ,
ਇੱਕ ਚਿਹਰਾ ਮੇਰੀ ਨਜਰੋਂ ਉੱਤਰ ਕਿਉਂ ਨਹੀਂ ਜਾਂਦਾ
ਮੇਰੇ 'ਤੇ ਦੋਸ਼ ਲਾਏ ਪਹਿਲਾਂ, ਫਿਰ ਜੁਰਮ ਕਬੂਲਿਆ
ਕਰਕੇ ਕਤਲ ਉਹ ਮੇਰਾ ਮੁੱਕਰ ਕਿਉਂ ਨਹੀਂ ਜਾਂਦਾ

**ਜਗਸੀਰ**
**ਐਮ.ਐਸ.ਸੀ. ਭਾਗ ਦੂਜਾ**

## ਗਜ਼ਲ

ਖੁਦਕੁਸ਼ੀ ਤੋਂ ਨਹੀਂ ਪਰ ਦਿਲਾਸਿਆਂ ਤੋਂ ਖ਼ਤਰਾ ਏ
ਏਸ ਮੁਲਕ ਨੂੰ ਇਸ ਦੇ ਹੀ ਰਾਖਿਆਂ ਤੋਂ ਖ਼ਤਰਾ ਏ
ਦਿਲ ਦੇ ਰੋਣ 'ਤੇ, ਨੈਣਾਂ ਦਾ ਵਗਣਾ ਸਕੂਨ ਦੇ ਜਾਂਦਾ
ਰੁਕੇ ਚਿਰਾ ਤੋਂ ਜੋ ਉਹਨਾਂ ਹਾਸਿਆਂ ਤੋਂ ਖ਼ਤਰਾ ਏ
ਜੱਗ ਦੇ ਸਾਹਮਣੇ ਜਦ ਹੋਊ ਤਦ ਹੀ ਦੇਖਾਂਗੇ
ਕੁੱਖ 'ਚ ਬੱਚੀ ਨੂੰ ਆਪਣੇ ਮਾਪਿਆਂ ਤੋਂ ਖ਼ਤਰਾ ਏ
ਡਰ ਨਾ ਜੋ ਮੁਖ਼ਬਰ ਬਣ ਰਹੇ ਤੇਰੇ ਆਪਣੇ ਹੀ ਅੱਜ
ਇਸ ਗੱਲ ਦਾ ਤਾਂ ਕਈ ਦਹਾਕਿਆਂ ਤੋਂ ਖ਼ਤਰਾ ਏ
ਚਲੋ ਵੈਰ ਤਾਂ ਰੀਝ ਨਾਲ ਪਾਉਣ ਲੱਗੀ ਇਹ ਦੁਨੀਆ
ਨਹੀਂ ਕਹਾਂਗਾ ਕਿ ਸਿਰਫ਼ ਰਿਸ਼ਤਿਆਂ ਤੋਂ ਖ਼ਤਰਾ ਏ।

**ਜਗਸੀਰ**
**ਐਮ.ਐਸ.ਸੀ. ਭਾਗ ਦੂਜਾ**

## ਟੁੱਟਣ

ਕਾਸ਼ ਉਸਨੇ
ਟੁੱਟਦਿਆਂ ਨੂੰ ਵੇਖਿਆ ਹੁੰਦਾ
ਉਸਦੇ ਮਨ ਵਿਚ
ਕਦੇ ਵੀ ਨਾ ਆਉਂਦਾ...।
ਮੇਰੇ ਖੰਭ ਖਿਲਰੇ
ਦੇਖ...।
ਦਾਅ ਨਹੀਂ ਲਾਇਆ
ਉਸਨੇ...
ਪਰ ਕਿੱਥੇ ਪਤਾ ਸੀ
ਉਸਨੂੰ
ਮੈਂ ਖੰਭਾਂ ਨਾਲ ਨਹੀਂ
ਸਗੋਂ
ਹੌਸਲੇ ਨਾਲ ਉੱਡਣਾ ਸੀ।
ਮੇਰੇ ਸੁਪਨਿਆਂ ਦੀ
ਬੇੜੀ ਡੁੱਬਦੀ ਦੇਖ
ਉਸਨੂੰ ਲੱਗਾ
ਮੈਂ ਕਿੱਥੇ ਪਾਰ ਲੱਗਣਾ।
ਪਰ ਜਦੋਂ,
ਮਿਲਿਆ ਮੈਨੂੰ ਉਹ,
ਉਸਨੇ ਨਹੀਂ ਸੋਚਿਆ ਹੋਣਾ
ਕਿ ਮੈਂ ਹੋਰਾਂ ਦੇ ਸੁਪਨੇ
ਸਾਕਾਰ ਕਰਨ 'ਚ
ਲੱਗਾ ਸਾਂ...

**ਜਗਸੀਰ**
**ਐਮ.ਐਸ.ਸੀ. ਭਾਗ ਦੂਜਾ**

## ਗੀਤ

ਚੱਲੀ ਚੱਲ ਵਗਦੇ ਹੋਏ ਪਾਣੀਆਂ ਦੇ ਵਾਂਗੂੰ
ਖੜ੍ਹੇ ਛੱਪੜਾਂ ਦੇ ਵਾਂਗੂੰ ਕਦੇ ਤੂੰ ਖਲੋਈ ਨਾ,
ਸੁੱਖ ਹੋਇਆ ਮਾਣੀ ਉਹਦੀ ਰਜ਼ਾ ਵਿੱਚ ਰਹਿ ਕੇ
ਬੁਜਦਿਲਾਂ ਵਾਂਗੂੰ ਦੁੱਖ ਵਿੱਚ ਕੁਰਲਾਈਂ ਨਾ
ਮਾਣ ਨਾ ਕਰੀਂ ਤੂੰ ਕਦੇ ਧਨ ਤੇ ਜਵਾਨੀ ਦਾ,
ਨੀਵਾਂ ਰਹਿ ਕੇ ਰੱਖੀ ਖਿਆਲ ਚੀਜ ਇਹ ਬਿਗਾਨੀ ਦਾ।
ਗਰੀਬ ਦੀ ਲੋੜ ਸਮੇਂ ਖ਼ੁਦ ਨੂੰ ਲਕੋਈ ਨਾ,

ਸੁੱਖ ਹੋਇਆ ਮਾਣੀ ਉਹਦੀ ਰਜ਼ਾ ਵਿਚ ਰਹਿ ਕੇ
ਮਾਪਿਆਂ ਦੀ ਰੱਖੀ ਸਦਾ ਕਦਰ ਨਿਗਾਹਾਂ 'ਚ
ਰੋਲ ਨਾ ਦੇਈ ਇਹਨਾਂ ਨੂੰ ਕਦੇ ਜ਼ਿੰਦਗੀ ਦੇ ਰਾਹਾਂ 'ਚ,
ਰਹੀਂ ਦਿਲ ਦੇ ਤੂੰ ਨੇੜੇ ਇਹਨਾਂ ਕੋਲੋਂ ਹੋਈ ਦੂਰ ਨਾ
ਸੁੱਖ ਹੋਇਆ ਮਾਣੀ ਉਹਦੀ ਰਜ਼ਾ ਵਿੱਚ ਰਹਿ ਕੇ,
ਇੱਜ਼ਤ ਬਣਾ ਕੇ ਰੱਖੀ ਜੱਗ ਵਿੱਚ ਆਪਣੀ,
ਜੀਹਦੇ ਪੱਲੇ ਇਹ ਨੀ, ਉਹਦੇ ਪੱਲੇ ਕੱਖ ਨੀ,
ਚੇਤੇ ਰੱਖੀ ਇਹ ਗੱਲਾਂ, ਦਿਲ 'ਚੋਂ ਭੁਲਾਈ ਨਾ,
ਸੁੱਖ ਹੋਇਆ ਮਾਣੀ ਉਹਦੀ ਰਜ਼ਾ ਵਿੱਚ ਰਹਿ ਕੇ
ਬੁਜ਼ਦਿਲਾਂ ਵਾਂਗੂੰ ਦੁੱਖ ਵਿੱਚ ਕੁਰਲਾਈ ਨਾ

**ਸੰਦੀਪ ਕੌਰ**
**ਐਮ.ਏ. ਭਾਗ ਪਹਿਲਾ**

## ਕਿਸਾਨ ਪੰਜਾਬ ਦੇ

ਆ ਜੱਟ ਰੁਲਦਾ ਪਿਆ ਪੈਲੀਆਂ 'ਚ
ਕਰਜੇ ਵਲ ਕੋਈ ਆਉਂਦਾ ਨੀ ਗਾਇਕ ਪਿਆ
ਦਾਰੂ ਪੀਣ ਦੀ ਦਿੰਦੇ ਸੇਧ ਸਾਰੇ
ਖਾਲਸੇ ਵੱਲ ਕੋਈ ਲਿਆਉਂਦਾ ਨੀ ਪਿਆ
ਆਵੇ ਸਮਝ ਨਾ ਕਿਹੜੇ ਜੱਟ ਦੀ ਕਰਨ ਗੱਲ
ਮਿਹਨਤੀ ਜੱਟ ਤੇ ਪੈਲੀਆਂ 'ਚ ਰੁਲਦਾ ਪਿਆ
ਕਰਨ ਮਾਣ ਸਾਰੇ ਰੰਗਲੇ ਪੰਜਾਬ ਉਤੇ
ਅਜ ਫੁੱਲ ਗੁਲਾਬ ਦਾ ਖਿੰਡਦਾ ਪਿਆ
ਪੰਜਾਬ ਰੰਗਲਾ ਸੀ ਜਦ ਸੀ ਗੁਰੂ ਸਾਡੇ
ਜਿਹਨਾਂ ਪੱਤਾ-ਪੱਤਾ ਸਾਡੇ ਲਈ ਸੰਭਾਲਿਆ ਪਿਆ
ਅੱਜ ਦੇ ਲੋਕਾਂ ਨੂੰ ਆਉਂਦਾ ਸਿਰਫ ਮਾਣ ਕਰਨਾ
ਸਮਝ ਨਹੀਂ ਉਹਨਾਂ ਨੂੰ ਕਿਵੇਂ ਵਿਰਸਾ ਸੰਭਾਲਣਾ ਪਿਆ
ਪੁੱਤ ਬਣ ਕੇ ਵਿਖਾਇਆ ਊਧਮ ਸਿੰਘ ਨੇ ਅੰਬਰਸਰ ਦਾ
ਬਦਲਾ ਲੈਣ ਤੱਕ ਉਹਨੂੰ ਨਹੀਂ ਸੀ ਚੈਨ ਪਿਆ
ਅੱਜ ਸ਼ਹੀਦਾਂ ਉੱਤੇ ਕਰਦੇ ਮਾਣ ਸਾਰੇ
ਉਹਨਾਂ ਦੀ ਸੇਧ ਉਤੇ ਕੋਈ ਵੀ ਨੀ ਤੁਰਦਾ ਪਿਆ
ਕਦੇ ਸੀ ਪੰਜਾਬ ਸਾਡਾ ਸੋਨੇ ਦੀ ਚਿੜੀ
ਅੱਜ ਫੋਨ ਤੇ ਨਸ਼ਿਆਂ ਨੇ ਪੱਟਿਆ ਪਿਆ
ਤਾਂ ਹੀ ਪੰਜਾਬ ਸਾਡਾ ਰੁਲਦਾ ਪਿਆ
ਫੁੱਲ ਗੁਲਾਬ ਦਾ ਟਾਹਣੀਓ ਟੁੱਟਦਾ ਪਿਆ
ਹਰੀ ਸਿੰਘ ਨਲੂਏ ਦਾ ਪਤਾ ਕਈਆਂ ਨੂੰ
ਚਾਰਾਂ-ਪੰਜਾਂ ਸ਼ਹੀਦਾਂ ਨੂੰ ਉਂਗਲਾਂ 'ਤੇ ਰਟਿਆ ਪਿਆ
ਉਹਨਾਂ ਦਿੱਤੀ ਸੀ ਸ਼ਹੀਦੀ ਸਾਡੇ ਲਈ ਲੋਕੋ
ਦੱਸੋ ਕਿਹੜਾ-ਕਿਹੜਾ ਜੀਵਨੀ ਉਹਨਾਂ ਦੀ ਲਿਖਦਾ ਪਿਆ।
ਰੀਤ ਕਿਉਂ ਐਵੇਂ ਅਫਸੋਸ ਕਰਦੀ
ਅੱਜ ਪੰਜਾਬ ਸਾਡਾ ਰੁਲਦਾ ਪਿਆ
ਚਾਹੁੰਦੇ ਨਹੀਂ ਪੰਜਾਬੀ ਉਹ ਸਭ ਸੰਭਾਲਣਾ
ਜੋ ਵੱਡਿਆ ਨੇ ਇਹਨਾਂ ਲਈ ਸੀ ਸਾਂਭਿਆ ਪਿਆ
ਸ਼ਹੀਦਾਂ ਕਈ ਦੁੱਖ ਝੱਲੇ ਸਾਡੇ ਲਈ
ਅੱਜ ਦੇ ਲੋਕਾਂ ਨੂੰ ਕੋਈ ਵੀ ਨਾ ਫਰਕ ਪਿਆ
ਮਿਹਰ ਕਰੀਂ ਰੱਬਾ ਮੇਰਿਆ
ਇਹਨਾਂ ਦੀ ਸਮਝ ਨੂੰ ਖੌਰੇ ਕੀ ਹੋਇਆ ਪਿਆ।

**ਸਮਰੀਤ ਕੌਰ**
**ਬੀ.ਏ.ਭਾਗ ਪਹਿਲਾ**

## ਮਾਂ ਦੀ ਯਾਦ

1. ਇੱਕ ਐਸੀ ਸ਼ਖ਼ਸੀਅਤ ਹੈ ਦੁਨੀਆ 'ਤੇ,
ਜੋ ਰੱਬ ਤੋਂ ਪਹਿਲਾਂ ਚੇਤੇ ਆਉਂਦੀ ਆ,
ਕਿੱਦਾਂ ਰਹਿਣਾ ਦੁਨੀਆ 'ਤੇ,
ਇਹ ਸਭ ਕੁਝ ਉਹ ਸਿਖਾਉਂਦੀ ਆ।
2. ਹਰ ਦੁੱਖ ਸੁੱਖ ਦੇ ਵਿੱਚ,
ਬਸ ਯਾਦ ਓਸ ਦੀ ਆਉਂਦੀ ਆ,
ਜਿੱਥੇ ਦਵਾ ਕੰਮ ਨਹੀਂ ਕਰਦੀ,
ਉੱਥੇ ਮਾਂ ਦੀ ਦੁਆ ਕੰਮ ਆਉਂਦੀ ਆ,
ਇਸੇ ਲਈ ਭਗਵਾਨ ਤੋਂ ਪਹਿਲਾਂ,
ਮਾਂ ਚੇਤੇ ਆਉਂਦੀ ਆ
3. ਨਾ ਲੱਗਜੇ ਕਿਤੇ ਨਜ਼ਰ ਪੁੱਤ ਨੂੰ,
ਕਾਲਾ ਟਿੱਕਾ ਉਹ ਲਗਾਉਂਦੀ ਆ
ਫੇਰ ਵੀ ਦਿਲ ਨੂੰ ਚੁੱਲੇ, 'ਚ ਪਾਉਂਦੀ ਆ,
ਇਸੇ ਲਈ ਮਾਂ ਤੇਰੇ ਹੈਰੀ ਨੂੰ,
ਤੂੰ ਰੱਬ ਤੋਂ ਪਹਿਲਾਂ ਚੇਤੇ ਆਉਂਦੀ ਆ।
4. ਖ਼ੁਦ ਉਹ ਚਾਹੇ ਭੁੱਖੀ ਸੌਂ ਜੇ,
ਪਰ ਪਹਿਲਾਂ ਬੱਚਿਆਂ ਨੂੰ ਖਵਾਉਂਦੀ ਆ,
ਉਹਦੇ ਤੋਂ ਖਾਧੀ ਹੋਈ ਡਾਂਟ ਵੀ,
ਕਾਲਜੇ ਵਿੱਚ ਠੰਢਕ ਪਾਉਂਦੀ ਆ,
ਇਸੇ ਲਈ ਰੋਂਦੇ ਹੱਸਦੇ ਨੂੰ,
ਬਸ ਮਾਂ ਹੀ ਚੇਤੇ ਆਉਂਦੀ ਆ।
5. ਮਾਂ ਨੇ ਉਹ ਸਿਖਾਇਆ ਜੋ ਕੋਈ ਕਿਤਾਬ ਨਹੀਂ ਸਿਖਾ ਸਕਦੀ,
ਔਰਤ ਦੀ ਕਿੱਦਾਂ ਕਰਨੀ ਇੱਜ਼ਤ, ਇੱਕ ਮਾਂ ਹੀ ਹੈ ਸਿਖਾ ਸਕਦੀ,
ਮਾਂ ਦੀ ਦਿੱਤੀ ਹਰ ਸਿੱਖਿਆ ਮੈਨੂੰ ਚੰਗੇ ਪਾਸੇ ਲਾਉਂਦੀ ਆ,
ਇਸੇ ਲਈ ਭਗਵਾਨ ਤੋਂ ਪਹਿਲਾਂ ਮਾਂ ਚੇਤੇ ਆਉਂਦੀ ਆ।

**ਹਰਵਿੰਦਰ ਸਿੰਘ**
**ਬੀ.ਕਾਮ. ਭਾਗ ਦੂਜਾ**

## ਇਬਾਦਤ

ਉਹ ਮਿਲਜੇ ਰੱਬਾ
ਮੈਂ ਇਬਾਦਤ ਕਰਦਾ
ਅੱਖੀਆਂ ਵਿੱਚ ਰੱਖੋ
ਨਾ ਸਾਜ਼ਿਸ਼ ਕਰਦਾ
ਜੀਣ ਮਰਨ ਦੀਆਂ ਸੌਹਾਂ
ਖੌਰੇ ਕਿੱਥੇ ਗਈਆਂ ਨੇ
ਕਰਦੇ ਸੀ ਜੋ ਪਹਿਲਾਂ
ਉਹ ਨਾ ਗੱਲਾਂ ਰਹੀਆਂ ਨੇ
ਨਾਲ ਤੁਰਦੇ-ਤੁਰਦੇ
ਸਾਥੋਂ ਹੱਥ ਛੁਡਾਵਣ
ਸਮਝ ਨੀ ਆਉਂਦੀ
ਹੁਣ ਕੀ ਨੇ ਚਾਹਵਣ
ਬਸ ਪੁੱਛੋ ਨਾ ਜੀ
ਦੂਰੀ ਕਿੱਦਾਂ ਜਰਦਾ
ਮੋਤੀਆਂ ਵਰਗੇ ਸੁਪਨੇ ਸੀ
ਪਾਣੀ ਵਿੱਚ ਨੇ ਵਹਿਗੇ
ਕਿਉਂ ਉਨਾਂ ਦੇ ਮਨੋਂ
ਖਬਰੇ ਅਸੀਂ ਹਾਂ ਲਹਿਗੇ
ਮੋੜ ਗਏ ਨਿਸ਼ਾਨੀਆਂ

ਦਿੱਤੀਆਂ ਪਿਆਰ ਦੀਆਂ
ਅੜਬ ਹਿੰਡਾਂ ਅੱਗੇ
ਸਾਡੀਆਂ ਸਧਰਾਂ ਹਾਰ ਗਈਆਂ
ਇੱਕ ਵਾਰੀ ਤੱਕਣ
ਜਿੰਦ ਗਹਿਣੇ ਧਰਦਾ
ਲਫ਼ਜੀ ਡੋਰ ਅਵੱਲੀ
ਸੰਗਲ ਵਾਗੂੰ ਟੁੱਟੇ
ਜਿੰਦਗੀ ਮੁੱਕਦੀ ਜਾਂਦੀ
ਹਾਲੇ ਸਾਹ ਨਾ ਮੁੱਕੇ
ਜਜ਼ਬਾਤ ਕਿੱਥੇ ਜੁੜਨੇ
ਇਸ਼ਕੇ ਦੇ ਟੁੱਕੇ
ਬੁੱਲੀਆਂ ਉੱਤੇ ਦਿਖਦੇ
ਦਿਲ ਦੇ ਜ਼ਖ਼ਮ ਲੁੱਕੇ
ਹੰਝੂ ਪੀਂਦਾ ਜਾਵੇ
ਜਿਉਂ ਪਾਣੀ ਘਰ ਦਾ
ਇੱਕ ਆਸ ਹੀ ਮੇਰੀ
ਦੀਵੇ ਵਾਂਗੂੰ ਜਲਦੀ
ਮੈਂ ਲਿਖਦਾ ਜਾਂਦਾ
ਨਾਲ ਉਹ ਵੀ ਚਲਦੀ
ਕਿਸ ਜਨਮ ਦੇ ਘੌਰੇ
ਕਿਹੜੇ ਦੇਣੇ ਲੇਖੇ ਸੀ
ਸਵੇਰੇ ਲੱਭੇ ਨਾ ਕਿੱਧਰੇ
ਸੁਪਨੇ ਵਿੱਚ ਵੇਖੇ ਸੀ
ਸਭ ਸਾਹਮਣੇ ਕਹਾਣੀ
ਦੱਸ ਕਾਦਾ ਪਰਦਾ
ਉਹ ਮਿੱਲਜੇ ਰੱਬਾ
ਮੈਂ ਇਬਾਦਤ ਕਰਦਾ
ਅੱਖੀਆਂ ਵਿੱਚ ਰੱਖੋ
ਨਾ ਸਾਜ਼ਿਸ਼ ਕਰਦਾ।

**ਪ੍ਰਗਟ ਖੋਖਰ**
**ਬੀ.ਐਸ.ਸੀ. ਭਾਗ ਤੀਜਾ**

## ਸੀਰੀਆ

ਮਾਰਸ਼ਲ ਲਾਅ ਸੀਰੀਆ ਵਿੱਚ ਲੱਗਿਆ
ਰੋਲਟ ਐਕਟ ਨੇ ਬੱਚਿਆਂ ਨੂੰ ਟੰਗਿਆ
ਆਜਜ਼ ਬੱਚੇ ਟਿਕ ਟਿਕੀ ਤੇ ਚਾੜਤੇ
ਪੂੰਗ ਮਿੱਠੀ ਵਰਗੇ ਜਿਉਂਦੇ ਸਾੜਤੇ
ਨਿਰਬਲ ਹੋਈ ਜ਼ਿੰਦਗੀ ਨੂੰ
ਸਫ਼ਾ ਕੀਨੇ ਹੈ ਕਰਨਾ
ਕੁੱਝ ਮਰਗੇ ਭੁੱਖੇ ਨੇ
ਕੁੱਝਾਂ ਨੇ ਨਾਲ ਬੰਬਾਂ ਦੇ ਮਰਨਾ
ਅਮਰੀਕਾ ਦੀ ਗੰਦੀ ਰਾਜਨੀਤੀ
ਰੂਸ ਦੀ ਸੋਹਣੀ ਤਕਸੀਰ?
ਜੋ ਇੰਨੇ ..... ਮਾਰਤੇ
ਕੀ ਸੀ ਉਨਾਂ ਦੀ ......?
ਦੁਰਗੰਧ ਆਵੇ ਲਹੂ ਚੋਂ
ਕਿਹੜੀ ..... ਸਰਕਾਰ
ਬੇਜ਼ਾਰ ਹੋਇਆ ਬੰਦਾ
ਫੇਰ ਚੱਕੇ ਹਥਿਆਰ
ਪੁੱਤ ਮਾਂ ਨਾਲ ਰੋਇਆ
ਮਾਂ ਪੁੱਤ ਨਾਲ ਰੋਈ
ਜਿੰਦ ਸੋਚਕੇ ਕੁਰਲਾਈ
ਮੇਰੀ ਅੱਖ ਵੀ ਚੋਈ
ਲਟਬੋਰੇ ਦੁਸ਼ਮਣ ਹੋਏ ਨੇ
ਮੈਂ ਕੀ ਦੱਸਾ ਕਿਸਮਾਂ ਨੂੰ
ਵਸਾਰ ਜਿਹਾ ਰੰਗ ਕਰਤਾ
ਖਾ ਗਏ ਸਬਜ਼ ਜਿਸਮਾਂ ਨੂੰ
ਦੀਨ ਈਮਾਨ ਕੋਈ ਨਾ
ਬਹੁਤੇ ਮਤਲਬੀ ਦੇਸ਼ਾਂ ਦਾ
ਮੈਨੂੰ ਪਤਾ ਅੱਜ ਲੱਗਿਆ
ਰੱਬ ਦੇ ਵੱਖਰੇ ਭੇਸਾਂ ਦਾ
ਵੱਡੀਆਂ ਵੱਡੀਆਂ ਇਮਾਰਤਾਂ
ਸੁਣਿਆਂ ਥੇਹ ਬਣਾਤੀਆਂ
ਜਿਉਂਦੀਆਂ ਜਾਗਦੀਆਂ ਦੇਹਾਂ
ਉਨਾਂ ਖੇਹ ਬਣਾਤੀਆਂ
ਵੱਸਦੇ ਸ਼ਹਿਰ ਉਜਾੜੇ
ਕਿੰਨੇ ਨਿਹੱਥੇ ਮਾਰੇ
ਐਪਰ ਰਾੜ੍ਹਤੇ ਚਾਬਕ
ਸੁੱਚੇ ਮਾਸ ਉਤਾਰੇ
ਰਸੂਲ ਅਸਮਾਨੋਂ ਆਏ
ਮੌਤ ਦਾ ਫੁਰਮਾਨ ਲੋਕੋ
ਦਿਲਰੁਬਾ ਬੱਚੇ ਜਿਉਣਾ ਚਾਹੁੰਦੇ
ਜਿਉਣ ਦਾ ਅਰਮਾਨ ਲੈ ਕੇ

**ਪ੍ਰਗਟ ਖੋਖਰ**
**ਬੀ.ਐਸ.ਸੀ. ਭਾਗ ਤੀਜਾ**

## ਜ਼ੁਲਮ ਦੀ ਮਾਰੀ (ਆਸਿਫ਼ਾ)

1. ਕੀ ਕੀਤਾ ਸੀ ਮਾੜਾ ਉਸ ਵਿਚਾਰੀ ਨੇ,
ਜੋ ਇਹ ਕਹਿਰ ਉਹਦੇ 'ਤੇ ਢਾਹ ਦਿੱਤਾ,
ਇਹ ਕਰਕੇ ਇੱਛਾ ਪਾਪਾਂ ਉਨ੍ਹਾਂ ਨੇ
ਆਪਣੀ ਮਾਂ ਦੇ ਦੁੱਧ ਨੂੰ ਦਾਗ ਲਾ ਦਿੱਤਾ।
ਇਸਤੋਂ ਚੰਗਾ ਹੁੰਦਾ ਜੇ ਤੁਸੀਂ ਜੰਮਦੇ ਹੀ ਮਰ ਜਾਂਦੇ,
ਇੱਕ ਬੱਚੀ ਦੇ ਪ੍ਰਾਣ ਤਾਂ ਬਚ ਜਾਂਦੇ
2. ਆਸਿਫ਼ਾ ਨੇ ਤਾਂ ਬੜੇ ਸੁਪਨੇ ਸੋਚੇ ਹੋਣੇ ਆ
ਜੋ ਆਪਣੇ ਮਾਂ-ਬਾਪ ਲਈ ਪੂਰੇ ਕਰਨੇ ਹੋਣੇ ਆ
ਪਰ ਕੀ ਪਤਾ ਸੀ ਉਸ ਨਾਦਾਨ ਬੱਚੀ ਨੂੰ ਕਿ ਇੱਦਾਂ ਹੋ ਜਾਊਗਾ,
ਉਸਦਾ ਹੱਸਦਾ-ਵਸਦਾ ਸੰਸਾਰ ਦੁੱਖਾਂ ਵਿੱਚ ਖੋ ਜਾਊਗਾ।
3. ਰੱਬਾ ਤੂੰ ਵੀ ਚੁੱਪ ਕਰਕੇ ਸਭ ਦੇਖਦਾ ਰਿਹਾ,
ਜਦੋਂ ਇੱਡਾ ਵੱਡਾ ਪਾਪ ਹੋ ਗਿਆ,
ਜਦੋਂ ਤੇਰੀ ਲੋੜ ਸੀ ਉਸ ਬੱਚੀ ਨੂੰ,
ਤੂੰ ਵੀ ਪਤਾ ਨੀ ਕਿੱਥੇ ਖੋ ਗਿਆ
ਇੱਥੇ ਤੂੰ ਹੀ ਉਹਦਾ ਆਖ਼ਰੀ ਸਹਾਰਾ ਸੀ,
ਤੂੰ ਵੀ ਨਾ ਕੁਝ ਕੀਤਾ,
ਜਦੋਂ ਤੇਰੇ ਸਾਹਮਣੇ ਅੱਠ ਪਾਪੀਆਂ ਨੇ,
ਇੱਕ ਬੱਚੀ ਨੂੰ ਤਬਾਹ ਕੀਤਾ।
4. ਕੀ ਮਿਲਿਆ ਉਨ੍ਹਾਂ ਨੂੰ ਆਸਿਫ਼ਾ ਨੂੰ ਮਾਰ ਕੇ,

ਜਾਂ ਕੋਈ ਇਨਾਮ ਪਾ ਲਿਆ ਉਹਦਾ ਘਰ ਉਜਾੜ ਕੇ?
ਕਿਉਂ ਨਾ ਓਨ੍ਹਾਂ ਦੀ ਜਮੀਰ ਨੇ ਆਵਾਜ਼ ਲਗਾਈ
ਇੱਕ ਬੱਚੀ ਤੋਂ ਪਹਿਲਾਂ ਆਪਣੀ ਮਾਂ-ਭੈਣ ਯਾਦ ਨਾ ਆਈ?

**ਹਰਵਿੰਦਰ ਸਿੰਘ**
**ਬੀ.ਕਾਮ. ਭਾਗ ਦੂਜਾ**

## ਧੀ ਦਾ ਪਿਆਰ

1. ਲਾਡਾਂ ਨਾਲ ਤੁਸੀਂ ਪਾਲਿਆ ਮੈਨੂੰ,
ਮੁੰਡਿਆਂ ਵਾਂਗੂੰ ਦੁਲਾਰਿਆ ਮੈਨੂੰ,
ਕਮੀ ਕਦੇ ਕੋਈ ਛੱਡੀ ਨੀ,
ਸਦਾ ਸੀਨੇ ਲਾ ਕੇ ਰੱਖਿਆ ਮੈਨੂੰ,
ਇਸੇ ਲਈ ਅਹਿਸਾਨ ਤੁਹਾਡੇ ਮੈਂ ਮੋੜ ਨਹੀਂ ਸਕਦੀ,
ਜੋ ਮਾਣ ਤੁਸੀਂ ਹੈ ਕੀਤਾ ਮੈਂ ਉਹ ਤੋੜ ਨਹੀਂ ਸਕਦੀ।
2. ਤੁਸੀਂ ਪੜਨ ਸਕੂਲੇ ਪਾਇਆ ਮੈਨੂੰ,
ਜਾਨ ਤੋਂ ਵੱਧ ਕੇ ਚਾਹਿਆ ਮੈਨੂੰ,
ਲੋਕ ਤਾਂ ਸਮਝਣ ਤੁਛ ਕੁੜੀਆਂ ਨੂੰ
ਪਰ ਤੁਸੀਂ ਤਾਂ ਲਾਡਲੀ ਬਣਾਇਆ
3. ਤੁਹਾਡੇ ਤੋਂ ਖਾਧੀ ਡਾਂਟ ਵੀ ਪਿਆਰੀ ਲਗਦੀ ਐ,
ਠੰਢੀ ਹਵਾ ਦੇ ਬੁੱਲੇ ਵਰਗੀ ਨਿਆਰੀ ਲਗਦੀ ਐ,
ਮੇਰੇ ਦਿਲ ਵਿੱਚ ਪਿਆਰ ਤੁਹਾਡੇ ਦੀ ਜੋਤ ਹਮੇਸ਼ਾ ਜਗਦੀ ਐ,
ਤੁਹਾਡੇ ਬਿਨਾਂ ਉਹ ਦੁਨੀਆ ਮੈਨੂੰ ਸੂਲੀ ਲਗਦੀ ਐ,
ਤੁਹਾਡੇ ਇਸ ਪਿਆਰ ਦਾ ਮੁੱਲ ਮੈਂ ਮੋੜ ਨਹੀਂ ਸਕਦੀ,
ਜੋ ਮਾਣ ਤੁਸੀਂ ਹੈ ਕੀਤਾ, ਮੈਂ ਕਦੇ ਵੀ ਤੋੜ ਨਹੀਂ ਸਕਦੀ।
4. ਲੋਕੀ ਤਾਂ ਸਮਝਣ ਬੋਝ ਕੁੜੀਆਂ ਨੂੰ
ਪਰ ਤੁਸੀਂ ਬਣਾਇਆ ਰਾਣੀ,
ਤੁਹਾਡੇ ਬਿਨਾਂ ਮੈਂ ਇੱਦਾ ਹਾਂ,
ਜਿਵੇਂ ਮਛਲੀ ਹੈ ਬਿਨ ਪਾਣੀ,
ਸਾਥ ਤੁਸੀਂ ਹਮੇਸ਼ਾ ਦਿੱਤਾ ਜਿਵੇਂ ਦਿੰਦੇ ਹਾਣੋ ਹਾਣੀ,
ਇਸੇ ਲਈ ਇੰਨੀ ਪਿਆਰੀ ਹੈ ਤੁਹਾਡੇ ਪਿਆਰ ਦੀ ਇਹ ਕਹਾਣੀ,
ਤੁਹਾਡੇ ਇਸ ਪਿਆਰ ਦਾ ਮੁੱਲ ਮੈਂ ਮੋੜ ਨਹੀਂ ਸਕਦੀ।
5. ਇਹ ਦੁਨੀਆ ਕਰਦੀ ਪਿਆਰ ਪੈਸੇ ਨੂੰ,
ਪਰ ਤੁਸੀਂ ਅਸਲੀ ਪਿਆਰ ਸਿਖਾਇਆ,
ਕਿੱਦਾਂ ਕਰਨੀ ਕਦਰ ਵੱਡਿਆਂ ਦੀ,
ਇਹ ਸਭ ਕੁਝ ਤੁਸੀਂ ਸਿਖਾਇਆ
ਜੋ ਮੈਂ ਮੰਗਿਆ ਤੁਸੀਂ ਹਰ ਉਹ ਬੋਲ ਪੁਗਾਇਆ,
ਇਸੇ ਲਈ ਪਿਤਾ ਦੇ ਰੂਪ 'ਚ, ਮੈਂ ਭਗਵਾਨ ਪਾਇਆ,
ਇਸ ਪਿਆਰ ਦਾ ਮੁੱਲ ਕਦੇ ਮੈਂ ਮੋੜ ਨਹੀਂ ਸਕਦੀ,
ਜੋ ਮਾਣ ਤੁਸੀਂ ਹੈ ਕੀਤਾ ਮੈਂ ਕਦੇ ਤੋੜ ਨਹੀਂ ਸਕਦੀ।
6. ਇੱਕ ਧੀ ਨੂੰ ਪਿਤਾ ਤੋਂ ਵਧੀਆ ਦੋਸਤ ਨੀ ਕੋਈ ਮਿਲ ਸਕਦਾ,
ਜਿਵੇਂ ਮਿੱਟੀ ਤੋਂ ਬਿਨਾ ਕਦੇ ਫੁੱਲ ਨੀ ਕੋਈ ਖਿਲ ਸਕਦਾ,
ਜਿੱਦਾਂ ਹੁਣ ਤੱਕ ਦਿੱਤਾ ਮੈਂ, ਉਦਾਂ ਹੀ ਸਾਥ ਨਿਭਾਉਂਗੀ,
ਤੁਹਾਡੇ ਲਈ ਤਾਂ ਮੈਂ, ਰੱਬ ਨਾਲ ਵੀ ਲੜ ਜਾਊਂਗੀ,
ਦੁਨੀਆ ਦਾ ਹਰ ਇੱਕ ਸੁੱਖ ਤੁਹਾਡੀ ਝੋਲੀ ਪਾਊਂਗੀ,
ਮੂੰਹ ਚੋਂ ਨਿਕਲਨ ਤੋਂ ਪਹਿਲਾਂ ਤੁਹਾਡਾ, ਹਰ ਇੱਕ ਬੋਲ ਪੁਗਾਉਂਗੀ।
ਤੁਹਾਡੇ ਇਸ ਪਿਆਰ ਦਾ ਮੁੱਲ ਮੈਂ ਮੋੜ ਨਹੀਂ ਸਕਦੀ,
ਜੋ ਮਾਣ ਤੁਸੀਂ ਹੈ ਕੀਤਾ ਮੈਂ ਕਦੇ ਤੋੜ ਨਹੀਂ ਸਕਦਾ।
7. ਹਰ ਜਨਮ ਮਿਲਣ ਮੈਨੂੰ ਇਹੀ ਮਾਪੇ ਦੁਆ ਹੈ ਮੇਰੀ,
ਮੈਂ ਤਾਂ ਆਖਾਂ ਰੱਬ ਨੂੰ ਕਿ ਤੁਹਾਨੂੰ ਉਮਰ ਵੀ ਲੱਗ ਜੇ ਮੇਰੀ,
ਕਰਕੇ ਦਰਸ਼ਨ ਤੁਹਾਡੇ ਬਣਜੇ, ਹਰ ਸੁਬਹ ਅਤੇ ਸ਼ਾਮ ਮੇਰੀ
ਤੁਹਾਡੇ ਵਰਗੇ ਮਾਪੇ ਮਿਲਣਾ ਖੁਸ਼ਕਿਸਮਤੀ ਸੀ ਮੇਰੀ,
ਤੁਹਾਡੇ ਇਸ ਪਿਆਰ ਦਾ ਮੁੱਲ ਮੈਂ ਮੋੜ ਨਹੀਂ ਸਕਦੀ,
ਜੋ ਮਾਣ ਤੁਸੀਂ ਹੈ ਕੀਤਾ, ਮੈਂ ਕਦੇ ਤੋੜ ਨਹੀਂ ਸਕਦੀ।

**ਹਰਵਿੰਦਰ ਸਿੰਘ**
**ਬੀ.ਕਾਮ. ਭਾਗ ਦੂਜਾ**

## ਕੁਦਰਤ

ਕੁਦਰਤ ਵੇਖੋ... ਮਰਜੀ ਦੀ ਮਾਲਕ ਏ
ਕੋਈ ਰੋਂਦਾ ਏ... ਕੋਈ ਹੱਸਦਾ ਏ
ਕੋਈ ਟੁੱਟਦਾ ਏ...ਕੋਈ ਜੁੜਦਾ ਏ
ਚਾਰ ਪਹੀਆਂ ਦਾ ਸਫਰ... ਜਿੰਦਗੀ ਚਾਲਕ ਏ
ਕੁਦਰਤ ਵੇਖੋ... ਮਰਜੀ ਦੀ ਮਾਲਕ ਏ
ਕਦੇ ਰੁਸਾਵੇ... ਕਦੇ ਮਨਾਵੇ
ਕਦੇ ਮੁੱਕਾਵੇ... ਕਦੇ ਬਚਾਵੇ
ਆਪੇ ਦੇਵੇ... ਆਪੇ ਖੋਹਵੇ
ਜਿੰਦਗੀ ਸਮਝਾਉਣ ਲਈ...ਬੇਸਮਝ ਵਾਹਕ ਏ
ਕੁਦਰਤ ਵੇਖੋ... ਮਰਜੀ ਦੇ ਮਾਲਕ ਏ

**ਹਰਪ੍ਰੀਤ ਕੌਰ**
**ਬੀ.ਐਸ.ਸੀ. ਭਾਗ ਪਹਿਲਾ**

## ਰਾਣੀ ਤੇ ਰਾਜਾ

ਬਚਪਨ ਤੋਂ ਇੱਕ ਸੁਪਨਾ ਹਾਂ ਬੁਣਦੀ
ਮਾਂ ਰਾਣੀ ਤੇ ਰਾਜਾ ਬਾਬਲ ਚੁਣਦੀ
ਨਿੱਕੇ ਕਮਰੇ 'ਚ ਖੁਸ਼ੀ ਦੀ ਗੂੰਜ ਸੀ ਸੁਣਦੀ
ਮਾਂ ਰਾਣੀ ਤੇ ਰਾਜਾ ਬਾਬਲ ਚੁਣਦੀ
ਰੱਬ ਨੇ ਐਸਾ ਖੇਲ ਰਚਾਇਆ
ਜ਼ਿੰਦਗੀ ਨੂੰ ਦੁੱਖਾਂ 'ਚ ਪਾਇਆ
ਹੁਣ ਉਸ ਕਮਰੇ ਖੁਸ਼ੀ ਦੀ ਗੂੰਜ ਨਾ ਸੁਣਦੀ
ਰਾਣੀ ਰਾਜੇ ਨੂੰ ਕਰ ਚੇਤੇ ਕਮਰਾ ਖੁਣਦੀ
ਜ਼ਿੰਦਗੀ 'ਚ ਚਾਨਣ ਹੋਣਾ ਨਈ
ਬਚਪਨ ਨੇ ਮੁੜ ਆਉਣਾ ਨਈ
ਰਾਜੇ ਰਾਜਕੁਮਾਰੀ ਦਾ ਲਾਡ ਲਡਾਉਣਾ ਨਈ
ਮੁੜ ਮਾਸੂਮ ਅੱਖਾਂ ਨੇ ਖੁਆਬ ਸਜਾਉਣਾ ਨਈ
ਵੱਸਦਾ ਕਰਦੇ ਰਾਜ ਘਰਾਣਾ ਜੇ ਚੀਸ ਏ ਸੁਣਦੀ
ਮਾਂ ਰਾਣੀ ਤੇ ਰਾਜਾ ਬਾਬਲ ਚੁਣਦੀ

**ਹਰਪ੍ਰੀਤ ਕੌਰ**
**ਬੀ.ਐਸ.ਸੀ. ਭਾਗ ਪਹਿਲਾ**

## ਰੱਬਾ ਨਾ...

ਰੱਬਾ ਨਾ ਜਨਮ ਲਿਖੀਂ ਓਸ ਘਰੇ ਮੇਰਾ
ਜਿੱਥੇ ਹੋਵੇ ਨਾ ਧੀਆਂ ਦਾ ਸਤਿਕਾਰ
ਮਾਰ ਦੇਣਗੇ ਓਹ ਮੈਨੂੰ ਜਨਮ ਤੋਂ ਪਹਿਲਾ
ਜਾਂ ਫਿਰ ਸੁੱਟ ਦੇਣਗੇ ਰਾਹ ਵਿਚਕਾਰ
ਰੱਬਾ ਨਾ ਜਨਮ ਲਿਖੀਂ ਓਸ ਘਰੇ ਮੇਰਾ
ਕੋਈ ਤਾਂ ਕਹੂ ਕਲਮੂੰਹੀ ਆ ਗਈ

ਕੋਈ ਕਹੂ ਸਾਡੀ ਕਿਸਮਤ ਖਰਾਬ
ਕਰਨਗੇ ਮੇਰੇ 'ਤੇ ਅਤਿਆਚਾਰ
ਡੋਬਣਗੇ ਮੇਰੀ ਬੇੜੀ ਅੱਧ ਵਿਚਕਾਰ
ਰੱਬਾ ਨਾ ਜਨਮ ਲਿਖੀਂ ਓਸ ਘਰੇ ਮੇਰਾ
ਬੁਰਾ ਸਮਾਜ ਗੰਦੀਆਂ ਨੇ ਰੀਤਾਂ
ਦਹਿਸ਼ਤ ਦੀ ਹੋਵੇ ਧੀ ਸ਼ਿਕਾਰ
ਹੁੰਦੀਆਂ ਕਤਲ ਹਰ ਪਲ ਧੀਆਂ
ਕੁੱਖੋਂ ਮਾਰਦੀ ਮਾਂ ਪੁਕਾਰ
ਰੱਬਾ ਨਾ ਜਨਮ ਲਿਖੀਂ ਓਸ ਘਰੇ ਮੇਰਾ
ਹੱਥ 'ਚ ਫੜ ਮੋਮਬੱਤੀਆਂ
ਕਦੋਂ ਤੱਕ ਕਰਾਂਗੇ ਇਨਸਾਫ ਦੀ ਗੁਹਾਰ
ਕਦੋਂ ਮਿਲਣਾ ਓਹਨਾਂ ਰੂਹਾਂ ਨੂੰ ਸਕੂਨ
ਜੋ ਹੋਈਆਂ ਬਾਲਾਤਕਾਰ ਦਾ ਸ਼ਿਕਾਰ
ਰੱਬਾ ਨਾ ਜਨਮ ਲਿਖੀਂ ਓਸ ਘਰ ਮੇਰਾ
ਕਿੰਨਾ ਸਮਾਂ ਰੋਂਦੀ ਰਹੂ ਧੀ ਘਰ ਬੈਠੀ
ਕਿੰਨਾ ਸਮਾਂ ਹੁੰਦੀ ਰਹੂ ਖੁਆਰ
ਸ਼ਿਵ ਤਾਂ ਕਹੇ ਸੋਚ ਸੁਧਾਰੋ
ਧੀਆਂ ਨੂੰ ਵੀ ਕਰੋ ਪੁੱਤ ਮੰਨਕੇ ਪਿਆਰ
ਰੱਬਾ ਜਨਮ ਨਾ ਲਿਖੀਂ ਓਸ ਘਰ ਮੇਰਾ
ਜਿੱਥੇ ਹੋਵੇ ਨਾ ਧੀਆਂ ਦਾ ਸਤਿਕਾਰ

**ਸ਼ਿਵ**
**ਬੀ.ਸੀ.ਏ.**

## ਆਸਿਫ਼ਾ

ਅੱਜ ਰੱਬ ਤੈਨੂੰ ਸਵਾਲ ਕਰਦੀ ਆਂ,
ਬਸ ਤੂੰ ਜਵਾਬ ਦੇ ਦਵੀਂ..
ਇਹ ਦੁਨੀਆ ਤਾਂ ਮੈਨੂੰ ਸਮਝੇ ਨਾ,
ਇੱਕ ਤੂੰ ਸਾਥ ਦੇ ਦਵੀਂ...
ਮੈਂ ਤਾਂ ਇੱਕ ਬੱਚੀ ਸੀ,
ਮੈਥੋਂ ਕੀ ਕਸੂਰ ਹੋ ਗਿਆ..
ਅੱਠ ਮਹੀਨੇ ਅੱਠ ਸਾਲ,
ਉਮਰ ਜੋ ਵੀ ਹੋਵੇ,
ਮੇਰਾ ਜਿਉਣਾ ਮਰਨ ਜਿਹਾ ਹੋ ਗਿਆ...
ਪਹਿਲਾਂ ਕੁੱਖ ਵਿੱਚ ਮਰਦੀ ਸੀ,
ਹੁਣ ਜਨਮ ਲੈ ਕੇ ਵੀ ਮਰਦੀ ਆਂ...
ਐਨੀ ਭਿਆਨਕ ਮੌਤ,
ਜਨਮ ਲੈਣ ਤੋਂ ਵੀ ਡਰਦੀ ਆਂ...
ਮੈਂ ਬੱਚੀ ਨਾਜ਼ੁਕ ਜਿਹੀ,
ਕੀ ਸਾਹਮਣਾ ਕਰਦੀ ਹੈਵਾਨ ਦਾ...
ਪਹਿਲਾਂ ਇੱਜ਼ਤ ਲੁੱਟੀ,
ਫੇਰ ਪਟਕ ਕੇ ਮਾਰਿਆ,
ਕੀ ਕਸੂਰ ਸੀ ਨੰਨ੍ਹੀ ਜਾਨ ਦਾ...
ਰੱਬਾ ਤੂੰ ਤਾਂ ਕਿਧਰੇ ਲੁਕ ਈ ਗਿਆ,
ਮੇਰੀ ਆਵਾਜ਼ ਵੀ ਨੀ ਸੁਣਦਾ..
ਮੈਨੂੰ ਤੈਥੋਂ ਮਦਦ ਮੰਗਣ ਦੀ ਜਾਚ ਨੀ ਸੀ,
ਤੂੰ ਚੀਖਾਂ ਈ ਸੁਣ ਲੈਂਦਾ...
ਤੂੰ ਸਜ਼ਾ ਦੇਵੀਂ ਇਹੋ ਜੇ ਪਾਪੀਆਂ ਨੂੰ,
ਦੁਨੀਆਂ ਮੈਨੂੰ ਇਨਸਾਫ਼ ਨੀ ਦਿੰਦੀ...
ਅਗਲੇ ਜਨਮ ਮੈਨੂੰ ਹਿੰਮਤ ਦੇ ਕੇ ਭੇਜੀ,
ਦੁਨੀਆ ਮੇਰਾ ਸਾਥ ਨੀ ਦਿੰਦੀ...
ਜਦ ਦੁਬਾਰਾ ਜਨਮ ਲਵਾਂ,
ਫੇਰ ਇੱਕ ਧੀ ਬਣਾ ਕੇ ਭੇਜੀਂ...
ਇਹ ਮਰਦ ਕਮਜ਼ੋਰ,
ਤੇ ਮੈਨੂੰ ਬਲਵਾਨ ਬਣਾ ਕੇ ਭੇਜੀਂ...
ਹੱਥ ਜੋੜਨੇ ਨੀ ਕਿਸੇ ਸ਼ੈਤਾਨ ਅੱਗੇ,
ਉਹਦੀਆਂ ਅੱਖਾਂ ਹੀ ਕੱਢ ਦੇਊਂਗੀ..
ਤੜਫਾ ਤੜਫਾ ਕੇ ਮਾਰਨਾ,
ਜਿੰਦਾ ਲਾਸ਼ ਬਣਾ ਕੇ ਛੱਡ ਦੇਊਂਗੀ...
ਫੇਰ ਹਰ ਸ਼ੈਤਾਨ ਔਰਤ ਅੱਗੇ,
ਸਿਰ ਝੁਕਾ ਕੇ ਲੰਘੂਗਾ...
ਫੇਰ ਹਰ ਬਾਪ ਤੇਰੇ ਤੋਂ,
ਇੱਕ ਧੀ ਹੀ ਮੰਗੂਗਾ...

**ਰਵਿੰਦਰ ਕੌਰ**
**ਬੀ.ਐਸਸੀ. ਮੈਡੀਕਲ ਭਾਗ ਦੂਜਾ**

## ਬਚਪਨ, ਅਕਲ ਤੇ ਮਾਪੇ

ਲੰਘਿਆ ਸਮਾਂ ਜਦ ਪਿੱਛੇ ਮੁੜਕੇ ਵੇਖਦੀ ਆਂ,
ਕੀ ਖੱਟਿਆ ਜ਼ਿੰਦਗੀ ਚ ਬਸ ਇਹੀ ਸੋਚਦੀ ਹਾਂ...
ਬਚਪਨ ਸੀ ਉਹ ਭੋਲਾ ਜਿਹਾ,
ਹਸ ਖੇਡ ਕੇ ਕੱਟ ਲਿਆ...
ਸਮਾਂ ਬੀਤਿਆ
ਉਸ ਮਾਸੂਮੀਅਤ ਨੇ ਵੀ ਪਾਸਾ ਵੱਟ ਲਿਆ..
ਕਿੰਨੀ ਸੋਹਣੀ ਸੀ ਉਹ ਜ਼ਿੰਦਗੀ,
ਹਰ ਕੋਈ ਲਾਡ ਲਡਾਉਂਦਾ ਸੀ..
ਮਾਂ ਪਿਉ ਤੋਂ ਕੁੱਟ ਖਾ ਕੇ,
ਰੋਂਦੇ-ਰੋਂਦੇ ਚੇਤਾ ਵੀ ਉਹਨਾਂ ਦਾ ਹੀ ਆਉਂਦਾ ਸੀ..
ਹੱਸਣਾ ਖੇਡਣਾ, ਖਾਣਾ ਪੀਣਾ,
ਬੱਸ ਐਨਾ ਕੁ ਹੀ ਪਤਾ ਸੀ...
ਅੱਜ ਜੋ ਹੋਇਆ ਠੀਕ ਐ,
ਆਉਂਦੇ ਕੱਲ੍ਹ ਦਾ ਨਾ ਕੋਈ ਸੁਪਨਾ ਸੀ...
ਬੀਤ ਗਿਆ ਉਹ ਵਕਫਾ,
ਅੱਜ ਵੱਡੇ ਹੋ ਗਏ ਆਂ...
ਇੱਕ ਝੂਠੀ ਜ਼ਿੰਦਗੀ ਦੇ,
ਚੱਕਰਾਂ ਚ ਖੋ ਗਏ ਆਂ...
ਸਮਝ ਸਾਰੀ ਕਿ
ਮਾਪਿਆਂ ਵਰਗਾ ਪਿਆਰ ਨਾ ਕੋਈ ਜਤਾਉਂਦਾ ਐ...
ਫੇਰ ਕਿਉਂ ਉਹਨਾਂ ਦੀ ਕੀਤੀ ਫਿਕਰ,
ਸਮਝਾਏ ਤੇ ਗੁੱਸਾ ਆਉਂਦਾ ਐ...
ਵਹਿਮ ਐ ਇੱਕ ਕਿ ਸਿਆਣੇ ਹੋ ਗਏ ਆਂ,
ਦਿਖਾਵੇ ਪਿੱਛੇ ਲੱਗ ਸੱਚਾਈ ਭੁੱਲ ਰਹੇ ਆਂ...
ਝੂਠਿਆ ਦਾ ਜਗ ਭਰਿਆ,
ਗਲਤ ਸਹੀ ਦੀ ਪਹਿਚਾਣ ਨਾ ਹੁੰਦੀ ਐ...
ਇੱਕ ਗੱਲ ਚੇਤੇ ਰੱਖਿਓ।
ਚੰਗੇ ਇਨਸਾਨ ਦੀ ਕਦਰ,
ਇੱਕ ਚੰਗੇ ਇਨਸਾਨ ਨੂੰ ਈ ਹੁੰਦੀ ਐ...
ਜ਼ਿੰਦਗੀ ਦੇ ਸਹੀ ਅਸੂਲ ਬਣਾ ਕੇ ਚੱਲੋ,
ਕਦੇ ਧੋਖਾ ਨੀ ਖਾਓਗੇ...
ਮਾੜੀ ਸੋਚ ਲੈ ਕੇ ਕੁਛ ਨੀ ਮਿਲਣਾ,
ਆਪਣੀ ਇੱਜ਼ਤ ਹੀ ਗਵਾਓਗੇ।

**ਰਵਿੰਦਰ ਕੌਰ**
**ਬੀ.ਐਸਸੀ. ਭਾਗ ਦੂਜਾ**

## ਮਨਫ਼ੀ ਅਹਿਸਾਸ

ਟਾਈਮ ਮਾੜਾ ਹੋਵੇ ਜਾਂ ਚੰਗਾ,
ਲੰਘ ਹੀ ਜਾਂਦਾ ਹੈ।
ਕਿਹੜਾ ਬੰਦਾ ਕਿੱਥੇ ਕ ਤੱਕ ਸਾਥ ਨਿਭਾਊ,
ਸਮਾਂ ਦੱਸ ਹੀ ਜਾਂਦਾ ਐਂ।
ਉਮਰਾਂ ਤਾਂ ਹੈ ਨੀ ਐਡੀਆਂ...
ਪਰ ਗੱਲਾਂ ਸਮੇਂ ਨਾਲ ਬਹੁਤ ਸਿੱਖ ਲਈਆਂ ਨੇ।
ਇਹ ਦੁਨੀਆਂ ਬਸ ਮੂੰਹ 'ਤੇ ਮਿੱਠੇ ਬਣਨ ਵਾਲਿਆਂ ਦੀ,
ਅਹਿਸਾਸਾਂ ਤੋਂ ਮਨਫ਼ੀ।
ਦੂਜੇ ਨੂੰ ਨੀਵਾਂ ਦਿਖਾਉਣ ਲਈ ਹਰ ਕੋਈ ਅੱਗੇ ਆ ਜਾਂਦਾ,
ਗੱਲ ਜਦੋਂ ਆਪਣੇ 'ਤੇ ਆਵੇ ਉਦੋਂ ਜਰੀ ਨਹੀਂ ਜਾਂਦੀ।
ਤੇਰੇ 'ਚ ਕੀ-ਕੀ ਕਮੀਆਂ ਨੇ
ਇਹ ਤਾਂ ਹਰ ਕੋਈ ਦੱਸੀ ਜਾਂਦਾ।
ਗੱਲ ਆਪਣੀਆਂ ਕਮੀਆਂ ਦੀ, ਫਿਰ ਸੁਣੀ ਨਹੀਂ ਜਾਂਦੀ।
ਨਾ ਵੇਖਦਾ ਕੋਈ ਇਥੇ ਕਿਸੇ ਦੇ ਕਰੇ ਸਤਿਕਾਰ ਨੂੰ
ਏਥੇ ਸ਼ਕਲਾਂ ਸੋਹਣੀਆਂ ਤੇ ਦਿਲ ਕਾਲੇ ਨੇ,
ਕੋਈਓ ਹੁੰਦਾ ਜੋ ਤੁਹਾਡੇ ਲਈ ਦਿਲੋ ਸੋਚਦਾ,
ਨਹੀਂ ਤਾਂ ਦਿਮਾਗ ਤੋਂ ਸੋਚ ਕੇ ਥੋਨੂੰ ਵਰਤਣ ਵਾਲੇ,
ਇਥੇ ਬਹੁਤੀਆਂ ਅਕਲਾਂ ਵਾਲੇ ਨੇ।
ਦੂਜੇ ਦੀ ਚੜ੍ਹਾਈ ਵੇਖ ਆਪਣੇ ਵੀ ਜਲੀ ਜਾਂਦੇ ਨੇ,
ਪਿਆਰ ਮੁਹੱਬਤ ਤਾਂ ਦੂਰ ਦੀਆਂ ਗੱਲਾਂ ਨੇ,
ਇਥੇ ਤਾਂ ਦੋਸਤੀ ਦੇ ਰਿਸ਼ਤੇ ਵੀ ਝੂਠ ਦੀ ਅੱਗ ਵਿੱਚ ਬਲੀ ਜਾਂਦੀ ਨੇ।
ਕਦੇ ਕਿਸੇ ਦੇ ਚਿਹਰੇ 'ਤੇ ਨਾ ਜਾਇਓ
ਏਥੇ ਇਕ ਦੇ ਪਿੱਛੇ ਇਕ,
ਲੱਖਾਂ ਚਿਹਰੇ ਲੋਕ ਲੁਕਾਉਣਾ ਜਾਣਦੇ ਨੇ
ਜਿਹੜੇ ਪਿੱਠ ਪਿੱਛੇ ਗੱਲਾਂ ਕਰ ਚਲਾਕ ਬਣਦੇ ਨੇ
ਜਿਆਦਾ ਮਾੜਾ ਉਹਨਾਂ ਤੋਂ ਕੋਈ ਹੋ ਨਹੀਂ ਸਕਦਾ
ਏਥੇ ਤਾਂ ਆਪੋ-ਆਪਣੀ ਸਮਝ ਈ ਕੰਮ ਆਉਣੀ ਐ
ਏਥੇ ਪਰਛਾਵਾਂ ਵੀ ਹਨੇਰੇ 'ਚ ਸਾਥ ਛੱਡ ਜਾਂਦਾ
ਇਕ ਮਾਂ ਬਾਪ ਬਿਨਾਂ ਨਾ ਕੋਈ ਸਕਾ ਇਥੇ
ਜ਼ਮੀਨ ਪਿੱਛੇ ਰੌਲੇ 'ਚ ਤਾਂ ਭਾਈ ਵੀ ਭਾਈ ਦਾ ਗਲ ਵੱਢ ਜਾਂਦਾ।
ਮੁੱਕਦੀ ਗੱਲ ਕੀ
ਇਹਨਾਂ ਗਰਜ਼ੀ ਰਿਸ਼ਤਿਆਂ 'ਚ
ਥੋਨੂੰ ਆਪਣੇ ਤੋਂ ਵੱਧ ਕੋਈ ਸਮਝਣ ਵਾਲਾ ਕੋਈ ਹੋ ਨਹੀਂ ਸਕਦਾ।

**ਸ਼ੀਖਾ**
**ਬੀ.ਐਸਸੀ. ਭਾਗ ਦੂਜਾ**

## ਗ਼ਜ਼ਲ

ਮੈਂ ਇਸ ਉਮੀਦ ਚ ਡੁਬਿਆ ਕਿ ਉਹ ਬਚਾ ਲਵੇਗਾ
ਦੱਸੋ ਹੋਰ ਕੀ ਮੇਰੇ ਸਬਰ ਦਾ ਇਮਤਿਹਾਨ ਲਵੇਗਾ
ਗ਼ਜ਼ਲਾਂ ਲਈ ਕੰਧਾਂ ਨਾਲ ਸਿਰ ਪਟਕਦਾ ਮੈਂ ਰੋਜ਼
ਕੌਣ ਇਹ ਰਸਮ ਇਨ੍ਹੀ ਸ਼ਿੱਦਤ ਨਾਲ ਨਿਭਾ ਲਵੇਗਾ
ਰੂਹ ਦੇ ਛਾਲਿਆਂ ਤੇ ਦਵਾ ਹੁਣ ਅਸਰ ਨਹੀਂ ਕਰਦੀ
ਹੈ ਕੋਈ ਅਹਿਲ-ਏ-ਮਹਿਫਲ ਜੋ ਥੋੜੀ ਦੁਆ ਦਵੇਗਾ
ਲੱਖ ਲਾਹਨਤਾ ਇੱਕੀ ਸਾਲਾਂ ਉਮਰ ਨੂੰ ਮੇਰੀ
ਦੋ ਪਲ ਵਿੱਚ ਜੱਗ ਨਾਮ ਮੇਰਾ ਭੁਲਾ ਦਵੇਗਾ
ਮਧੂ ਮੱਖੀ ਨੂੰ ਫੁੱਲਾਂ ਤਾਈਂ ਕੋਈ ਜਾਣ ਤੋਂ ਰੋਕੇ
ਕਤਲ ਪਰਵਾਨਿਆਂ ਨੂੰ ਸ਼ੱਕ ਫੁੱਲਾਂ ਦਾ ਕਰਾ ਦਵੇਗਾ
ਕਿੰਝ ਕਾਬਿਲ ਬਣ ਕਿ ਸਭ ਦਿਲ ਜਿੱਤ ਲਵਾਂ ਯਾਰੋ
ਹੈ ਕੋਈ ਜੋ ਅਸਲ ਜ਼ਿੰਦਗੀ ਦਾ ਪਤਾ ਦਵੇਗਾ

**ਹਰਸ਼ਦੀਪ**
**ਬੀ.ਐਸਸੀ. ਭਾਗ ਦੂਜਾ**

## ਅੱਖਰਾ ਨੂੰ ਜੋੜ ਕੇ

ਲਿਖਣ ਨੂੰ ਤਾਂ ਬਹੁਤ ਦਿਲ ਕਰਦਾ ਏ
ਪਰ ਸੱਚ ਨੀ ਲਿਖਦਾ
ਐਵੇਂ ਝੂਠ ਨਾਲ ਵਰਕੇ ਭਰਦਾ ਏ,
ਕਿਸਾਨ ਦਿਨ ਪਰ ਦਿਨ ਖੁਦਕੁਸ਼ੀਆਂ ਕਰਦਾ ਏ
ਕਰਜ਼ਾ ਸਿਰ 'ਤੇ ਜਾਂਦਾ ਚੜਦਾ ਏ,
ਪੁੱਤ ਪਾਇਆ ਸੀ ਪੜ੍ਹਨ ਸਕੂਲੇ
ਉਹ ਵੀ ਹੁਣ ਨਸ਼ਿਆਂ ਦੇ ਸਕੂਲ 'ਚ ਪੜ੍ਹਦਾ ਏ
ਧੀ ਨੂੰ ਦਾਜ ਵੀ ਘੱਟ ਹੀ ਦਿੱਤਾ ਏ
ਕਿਤੇ ਮੋੜ ਨਾ ਦੇਵੇ ਡੋਲੀ ਉਹ ਧੀ ਦੀ
ਬਾਪੂ ਇਹੋ ਸੋਚ ਕੇ ਰਹਿੰਦਾ ਡਰਦਾ ਏ
ਫਸਲ ਦਾ ਪੂਰਾ ਮੁੱਲ ਨੀ ਮਿਲਦਾ
ਫਿਕਰ ਵੀ ਹੁਣ ਰਹਿੰਦਾ ਘਰ ਦਾ ਏ,
ਸਰਕਾਰ ਵੀ ਲਾਰਾ ਲਾ ਕੇ ਮੁਕਰ ਗਈ
....ਤੇ ਫੇਰ ਕਿਸਾਨ ਫਾਹਾ ਲਾ ਕੇ ਮਰਦਾ ਏ,
ਸਾਂਭ ਲਵੋ ਪੰਜਾਬੀਓ ਕਿਸਾਨਾਂ ਨੂੰ
ਚਮਕੌਰ ਤਾਂ ਹੁਣ ਇਹੋ ਅਰਜ ਕਰਦਾ ਏ,
ਜਦੋਂ ਬੇਗਾਨੀ ਹੋ ਜਾਂਦੀ ਏ ਜਮੀਨ ਜੱਟ ਦੀ
ਫੇਰ ਖਵਾਬਾਂ ਦਾ ਮਹਿਲ ਜੱਟ ਦਾ ਜਲਦਾ ਏ।

**ਚਮਕੌਰ ਸਿੰਘ**
**ਐਮ.ਏ. ਪੰਜਾਬੀ ਭਾਗ ਦੂਜਾ**

## ਮੇਰਾ ਵਿਚਾਰ

ਜ਼ਿੰਦਗੀ ਇਕ ਰਾਹ ਦੀ ਤਰ੍ਹਾਂ ਹੁੰਦੀ ਹੈ ਜਿਸ ਵਿਚ ਲੋਕਾਂ ਦਾ ਆਉਣ-ਜਾਣ ਲਗਿਆ ਹੀ ਰਹਿੰਦਾ ਏ,
ਕੋਈ ਖਾਸ ਹੀ ਹੁੰਦਾ ਏ ਜੋ ਸਾਡੇ ਕੋਲ ਰਹਿੰਦਾ ਏ।
ਜੇ ਸੱਚੀ ਗੱਲ ਏਹੀ ਏ ਤਾਂ ਕਿਉਂ ਨਾ ਰੱਬ ਨੂੰ ਹੀ ਉਸ ਇਨਸਾਨ ਦੀ ਥਾਂ ਦੇ-ਦੇਈਏ ਜਿਸਨੇ ਕਦੀ ਨਾ ਹੀ ਧੋਖਾ ਕਰਨਾ ਹੈ ਤੇ ਨਾ ਕਦੀ ਰਵਾਉਣਾ ਏ।
ਉਹ ਰੱਬ ਹਰ ਦੁਖ-ਸੁਖ ਵਿਚ ਨਾਲ ਹੁੰਦਾ ਏ,
ਅਸੀਂ ਸਾਂਝਾ ਕਰ ਹੱਸ ਤੇ ਉਸ ਅੱਗੇ ਰੋ ਵੀ ਸਕਦੇ ਹਾਂ।
ਅਖੀਰ ਉਹ ਸਾਡੇ ਅੰਦਰ ਤੇ ਅਸੀਂ ਉਸਦੀ ਬਣਾਈ ਦੁਨੀਆਂ ਵਿਚ ਵਸਦੇ ਹਾਂ।
ਉਸਦੀ ਰਹਿਮਤ ਹੈ ਇਹ, ਕਿ ਅਸੀਂ ਰੋਂਦੇ ਤੇ ਹਸਦੇ ਹਾਂ।
ਓਏ ਉਨ੍ਹਾਂ ਵਲ ਵੇਖੋ ਜੋ ਪੈਦਾ ਹੀ ਅਸਾਧਾਰਨ ਹੁੰਦੇ ਨੇ,
ਕੁਝ ਨਾ ਸਮਝ ਸਕਦੇ ਨੇ ਤੇ ਨਾ ਸਮਝਾ ਸਕਦੇ ਨੇ,
ਨਾ ਰੋ ਸਕਦੇ ਨੇ, ਨਾ ਹਸ ਸਕਦੇ ਨੇ ਤੇ ਨਾ ਹੀ ਹਸਾ ਸਕਦੇ ਨੇ।
ਮੈਂ ਕੁਰਬਾਨ ਜਾਂਦਾ ਹਾਂ ਉਸ ਰੱਬ ਤੋਂ ਜਿਸਨੇ ਮੈਨੂੰ ਬਣਾਇਆ ਹੈ,
ਜਿਸ ਨੇ ਮੈਨੂੰ ਇੰਨਾ ਸੋਹਣਾ ਰੂਪ ਦੇ ਕੇ ਸਜਾਇਆ ਹੈ।
ਫੇਰ ਕਿਉਂ ਨਾ ਸ਼ੁਕਰ ਮਨਾਵਾਂ ਮੈਂ,
ਕਿਉਂ ਨਾਸਤਿਕ ਕਹਿਲਾਵਾਂ ਮੈਂ,

ਜਦ ਮੈਂ ਉਸਦੇ ਇੰਨੇ ਕਰੀਬ ਹਾਂ, ਤਾਂ ਕਿਉਂ ਨੇੜ੍ਹੇ ਹੋ ਕੇ ਵੀ ਦੂਰੀਆਂ ਵਧਾਵਾਂ ਮੈਂ।
ਇਹ ਇੱਕ ਅਜਿਹਾ ਵਿਚਾਰ ਏ ਜਿਸ ਬਾਰੇ ਅੱਜ-ਕੱਲ ਕੋਈ ਵਿਰਲਾ ਹੀ ਸੋਚਦਾ ਏ,
ਕਿਉਂ ਨਹੀਂ ਸੋਚਦੇ ਆਪਾਂ ਉਸ ਰਬ ਬਾਰੇ ਜੋ ਆਪਣੀ ਹਰ ਸੁਖ ਦੁਖ ਬਾਰੇ ਸੋਚਦਾ ਏ।

**ਦਿਪਾਂਸ਼ੂ**
**ਬੀ.ਏ.ਭਾਗ ਤੀਜਾ**

## ਕਵਿਤਾ

ਵਿਰਲਾ ਕੋਈ ਹੋਊ ਜੱਗ 'ਤੇ
ਰੱਬ ਨੂੰ ਜਿਸ ਜਾਣ ਲਿਆ
ਬਾਕੀ ਤਾਂ ਸਭ ਨੇ ਰੱਬ ਨੂੰ
ਮੰਦਰਾਂ ਵਿਚ ਠਾਣ ਲਿਆ।

ਐਸੀ ਇੱਕ ਖੇਡ ਮੈਂ ਦੇਖੀ
ਬੈਠੇ ਨੇ ਬਣਕੇ ਭੇਖੀ
ਕਰਕੇ ਅੱਖਾਂ ਬੰਦ ਨੇ ਕਹਿੰਦੇ
ਸੱਚ ਨੂੰ ਪਹਿਚਾਣ ਲਿਆ
ਵਿਰਲਾ ਕੋਈ....

ਧਰਮਾਂ ਦੇ ਨਾ 'ਤੇ ਬੰਦੇ
ਵੱਡੇ ਵਿਦਵਾਨ ਨੇ ਜਿਹੜੇ
ਭਰਨ ਲਈ ਆਪਣੇ ਖੀਸੇ
ਵੰਡ ਦੇ ਗਿਆਨ ਨੇ ਜਿਹੜੇ
ਧੂਣਾ ਨਾਲੇ ਝਾੜਾ ਲਾ ਕੇ
ਮੂੰਹ ਵਿਚ ਪਾਨ ਲਿਆ
ਵਿਰਲਾ ਕੋਈ...

ਪੜ੍ਹ ਕੇ ਦੋ ਅੱਖਰ ਜਿਹੜੇ
ਕਰਦੇ ਨੇ ਬਹਿਸਾਂ
ਇਹ ਤਾਂ ਸਭ ਰਾਜਤੰਤਰ ਹੈ
ਕੱਢ ਕੇ ਦਿਲ ਦੀਆਂ ਚੀਸਾਂ
ਕਿੰਨੇ ਹੀ ਚੰਗੇ ਹੋਏ ਕਦੋਂ ਇਨ੍ਹਾਂ ਦਾ ਨੁਕਸਾਨ ਹੋਇਆ

ਵਿਰਲਾ ਕੋਈ ਹੋਊ ਜੱਗ 'ਤੇ
ਸੁਣ ਕੇ ਵੇਖ ਧਰਮਾਂ ਦੀ
ਭਲਾ ਹੀ ਸਾਰੇ ਮੰਗਦੇ
ਸੱਚ ਤੇ ਪਿਆਰ ਕਰੋ ਦੇ
ਹਰ ਥਾਂ ਨਾਅਰੇ ਲੱਗਦੇ
ਕੋਈ ਨੀ ਹਿੰਦੂ ਮੁਸਲਿਮ
ਜੇ ਦਿਲ ਵਿੱਚ ਭਾਈ ਜਾਣ ਲਿਆ।
ਵਿਰਲਾ ਕੋਈ...

**ਅਮਨਦੀਪ ਕੌਰ**
**ਪੀ.ਜੀ.ਡੀ.ਸੀ**

## ਵਿਚਾਰ

ਬਿਜਲੀ ਦੀ ਤਰ੍ਹਾਂ ਤੇਜ਼, ਬਾਜ਼ ਦੀ ਉਡਾਰੀ ਵਾਂਗ ਉੱਚੇ, ਗਿਲਹਿਰੀ ਵਰਗੇ ਫੁਰਤੀਲੇ, ਖੂਹਾਂ ਵਾਂਗ ਗਹਿਰੇ, ਸ਼ਹਿਦ ਵਾਂਗ ਮਿੱਠੇ ਅਤੇ ਕਈ ਵਾਰ ਨਿੰਮ ਵਰਗੇ ਕੌੜੇ ਹੁੰਦੇ ਹਨ, ਮਨੁੱਖ ਦੇ ਵਿਚਾਰ।

ਵਿਚਾਰ ਜੋ ਸਹਿ-ਸੁਭਾਅ ਹੀ ਉਤਪੰਨ ਹੋ ਜਾਂਦੇ ਹਨ, ਪਰ ਇਹਨਾਂ ਤੇ ਵੱਸ ਪਾਉਣਾ ਬਹੁਤ ਹੀ ਮੁਸ਼ਕਿਲ ਹੋ ਜਾਂਦਾ ਹੈ। ਕਦੇ ਦਿਲ ਵਿਚਾਰਾਂ ਦੇ ਵੱਸ ਪੈ ਜਾਂਦਾ ਹੈ ਤੇ ਕਦੇ ਦਿਮਾਗ। ਕਈ ਵਾਰੀ ਕੋਈ ਕੰਮ ਕਰਨ ਲਈ ਦਿਲ ਤਾਂ ਹਾਮੀ ਭਰ ਰਿਹਾ ਹੁੰਦਾ ਹੈ ਪਰ ਦਿਮਾਗ ਵਿੱਚ ਉਤਪੰਨ ਹੋਏ ਵਿਚਾਰ ਕਿਸੇ ਕੰਮ ਨੂੰ ਕਰਨ ਦੀ ਹਾਮੀ ਨਹੀਂ ਭਰਦਾ ਹੈ ਇਸੇ ਕਸ਼ਮਕਸ਼ ਵਿੱਚ ਮਨੁੱਖ ਆਪਣਾ ਕੀਮਤੀ ਸਮਾ ਗਵਾ ਦਿੰਦਾ ਹੈ।

ਇਹ ਵਿਚਾਰ ਹੀ ਹਨ ਜੋ ਮਨੁੱਖ ਨੂੰ ਮਨਮੁੱਖ ਜਾਂ ਗੁਰਮੁੱਖ, ਸੁਆਰਥੀ ਜਾਂ ਪਰਮਾਰਥੀ, ਹਿੰਸਕ ਜਾਂ ਅਹਿੰਸਕ ਬਣਾਉਂਦੇ ਹਨ।

ਇਹਨਾਂ ਵਿਚਾਰਾਂ ਦੇ ਵੱਸ ਪੈ ਕੇ ਹੀ ਮਨੁੱਖ ਕਦੇ ਉੱਚੇ ਤੋਂ ਉੱਚੇ ਅਤੇ ਕਦੇ ਨੀਵੇ ਤੋਂ ਨੀਵੇ ਕੰਮ ਕਰ ਦਿੰਦਾ ਹੈ। ਅੱਜ ਦੇ ਸਮੇਂ ਵਿੱਚ ਜਦੋਂ ਮਨੁੱਖ ਪਦਾਰਥਵਾਦੀ ਸੋਚ ਦਾ ਮਾਲਕ ਹੈ, ਉਸਦਾ ਆਪਣੇ ਵਿਚਾਰਾਂ 'ਤੇ ਕਾਬੂ ਪਾਉਣਾ ਬਹੁਤ ਹੀ ਕਠਿਨ ਹੈ।

ਮਨੁੱਖ ਦੇ ਵਿਚਾਰ ਜਦੋਂ ਵੱਸ ਵਿੱਚ ਨਹੀਂ ਰਹਿੰਦੇ ਉਦੋਂ ਹੀ ਤਾਂ ਧੋਖਾ, ਹੱਤਿਆ, ਬਲਾਤਕਾਰ, ਭਰੂਣ-ਹੱਤਿਆ, ਤਸਕਰੀ ਵਰਗੇ ਭਿਅੰਕਰ ਅਪਰਾਧ ਵਾਪਰਦੇ ਹਨ।

ਜਦੋਂ ਇਹ ਵਿਚਾਰ ਕੁਝ ਚੰਗੀ ਦਿਸ਼ਾ ਵਿਚ ਹੁੰਦੇ ਹਨ ਤਾਂ ਮਨੁੱਖ ਹਰ ਹੱਦ ਤੋਂ ਗੁਜ਼ਰ ਕੇ ਮਨੁੱਖਤਾ ਦੀ ਇੱਕ ਨਵੀਂ ਮਿਸਾਲ ਸਿਰਜਦਾ ਹੈ, ਜਿਵੇਂ ਕਿ ਮਦਰ ਟੈਰਿਸਾ, ਸ਼ਹੀਦ ਭਗਤ ਸਿੰਘ, ਨੈਲਸਨ ਮੰਡੇਲਾ, ਮਲਾਲਾ ਯੂਸਫ ਆਦਿ ਹਸਤੀਆਂ ਨੇ, ਜਦੋਂ ਕੁੱਝ ਕਰਨ ਦਾ ਇਰਾਦਾ ਕੀਤਾ ਤਾਂ ਹਰ ਔਂਕੜ ਨੂੰ ਪਾਰ ਕਰਕੇ ਬਸ ਆਪਣੇ ਨਿਰਧਾਰਤ ਕੀਤੇ ਗਏ ਟੀਚੇ ਵੱਲ ਵੱਧਦੇ ਗਏ ਅਤੇ ਅੰਤ ਆਪਣਾ ਉਦੇਸ਼ ਪ੍ਰਾਪਤ ਕਰ ਲਿਆ।

ਹੁਣ ਪ੍ਰਸ਼ਨ ਇਹ ਹੈ ਕਿ ਆਖਿਰ ਕੀ ਹੁੰਦੇ ਹਨ ਵਿਚਾਰ?

ਕਿਵੇਂ ਇਹ ਮਨੁੱਖ ਨੂੰ ਸਾਕਾਰਾਤਮਕ ਤੇ ਨਕਾਰਾਤਮਕ ਬਣਾ ਦਿੰਦੇ ਹਨ?

ਕੁੱਝ ਵਿਗਿਆਨੀਆਂ ਅਨੁਸਾਰ ਮਨੁੱਖ ਦੇ ਵਿੱਚ ਵਿਚਾਰ ਦਿਮਾਗ ਦੇ ਦੋ ਅਲੱਗ-2 ਹਿੱਸਿਆ ਵਿੱਚੋਂ ਉਤਪੰਨ ਹੁੰਦੇ ਹਨ।

ਅਸੀਂ ਦਿਮਾਗ ਦੇ ਇੱਕ ਪਾਸੇ ਤੋਂ ਲਾਜ਼ੀਕਲ ਫੈਸਲੇ ਲੈਂਦੇ ਹਾ ਤੇ ਦੂਜੇ ਪਾਸੇ ਤੋਂ ਸਾਰੇ ਅਨ-ਲਾਜ਼ੀਕਲ ਫੈਸਲੇ ਲੈਂਦੇ ਹਾਂ। ਮਨੁੱਖ ਦੇ ਵਿਚਾਰ ਤਰੰਗਾਂ ਦੇ ਰੂਪ ਵਿੱਚ ਉਤਪੰਨ ਹੁੰਦੇ ਹਨ ਜੋ ਮਨੁੱਖ ਦੇ ਦਿਮਾਗ ਤੋਂ ਬਾਹਰ ਨਿਕਲਦੀਆਂ ਹਨ, ਜੋ ਉਸ ਦੇ ਆਲੇ-ਦੁਆਲੇ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਭਾਵ ਜੇਕਰ ਮਨੁੱਖ ਸਾਕਾਰਾਤਮਕ ਸੋਚ ਰਿਹਾ ਹੈ ਤਾਂ ਉਸਦਾ ਆਲਾ-ਦੁਆਲਾ ਵੀ ਸਾਕਾਰਾਤਮਕ ਊਰਜਾ ਨਾਲ ਭਰ ਜਾਵੇਗਾ। ਇਸ ਦੇ ਉਲਟ ਨਾਕਾਰਾਤਮਕ ਊਰਜਾ ਸਾਰੇ ਬਣਦੇ ਕੰਮ ਵੀ ਵਿਗਾੜ ਦਿੰਦੀ ਹੈ। ਮਨੁੱਖ ਦੇ ਵਿਚਾਰ ਉਸ ਦੇ ਆਲੇ-ਦੁਆਲੇ ਨੂੰ ਪ੍ਰਭਾਵਿਤ ਕਰਦੇ ਹਨ, ਇਸ ਲਈ ਜੇਕਰ ਮਨੁੱਖ ਆਪਣੇ ਵਿਚਾਰਾਂ 'ਤੇ ਕਾਬੂ ਪਾਉਣਾ ਸਿੱਖ ਲਵੇ ਤਾਂ ਉਹ ਅਸਾਧਾਰਨ ਕੰਮ ਵੀ ਸਰਲ ਤਰੀਕੇ ਨਾਲ ਕਰ ਸਕਦਾ ਹੈ। ਸਾਰ-ਅੰਸ਼ ਇਹ ਨਿਕਲਦਾ ਹੈ ਕਿ ਮਨੁੱਖ ਦੇ ਵਿਚਾਰ ਊਰਜਾ ਦਾ ਸ੍ਰੋਤ ਹਨ। ਇਹਨਾਂ ਉੱਤੇ ਕਾਬੂ ਪਾ ਕੇ ਤੇ ਸਾਕਾਰਤਮਕ ਸੋਚ ਆਪਣਾ ਕੇ ਉਹ ਆਪਣੇ ਲਕਸ਼ ਨੂੰ ਪ੍ਰਾਪਤ ਕਰ ਸਕਦਾ ਹੈ।

**ਰਮਣੀਕ ਕੌਰ**
**ਬੀ.ਕਾਮ. ਭਾਗ ਪਹਿਲਾ**

# ਮਾਂ ਦੀ ਅਹਿਮੀਅਤ

ਮਾਂ ਇੱਕ ਅਜਿਹੇ ਸਕੂਲ ਦੀ ਤਰ੍ਹਾਂ ਹੈ ਜੋ ਸਾਨੂੰ ਜ਼ਿੰਦਗੀ 'ਚ ਰਹਿਣ-ਸਹਿਣ ਦੇ ਤਰੀਕੇ ਸਿਖਾਉਂਦੀ ਹੈ। ਦੁਨੀਆ ਵਿੱਚ ਬਹੁਤ ਸਾਰੇ ਰਿਸ਼ਤੇ ਹੁੰਦੇ ਹਨ ਪਰ ਮਾਂ ਅਤੇ ਧੀ ਦਾ ਰਿਸ਼ਤਾ ਸਭ ਤੋਂ ਅਨੋਖਾ ਹੁੰਦਾ ਹੈ। ਧੀਆਂ ਮਾਂ ਦਾ ਲਾਡ ਪਿਆਰ ਹੁੰਦੀਆਂ ਨੇ, ਮਾਂ ਅਤੇ ਧੀ ਦਾ ਇੱਕ ਅਜਿਹਾ ਰਿਸ਼ਤਾ ਹੈ ਜਿਸਨੂੰ ਕਦੇ ਕੋਈ ਬਿਆਨ ਨਹੀਂ ਕਰ ਸਕਦਾ। ਜਿਸ ਤਰ੍ਹਾਂ ਮਾਂ ਅਤੇ ਧੀ ਇੱਕ ਦੂਜੇ ਦੇ ਦੁੱਖਾਂ ਨੂੰ ਵੰਡ ਸਕਦੀਆਂ ਹਨ, ਹੋਰ ਕੋਈ ਰਿਸ਼ਤਾ ਇਸ ਤਰ੍ਹਾਂ ਦੁੱਖਾਂ ਨੂੰ ਵੰਡ ਨਹੀਂ ਸਕਦਾ। ਜਦੋਂ ਮਾਂ ਨੂੰ ਦੁੱਖ ਹੋਵੇ ਤਾਂ ਧੀ ਰੋ ਪੈਂਦੀ ਹੈ। ਪਰ ਜਦੋਂ ਧੀ ਨੂੰ ਦੁੱਖ ਹੋਵੇ ਤਾਂ ਮਾਂ ਆਪਣਾ-ਆਪ ਖੋਹ ਬੈਠਦੀ ਹੈ। ਸਹੇਲੀਆਂ ਵਾਂਗ ਉਹ ਆਪਸ ਵਿੱਚ ਲੜਦੀਆਂ ਨੇ, ਪਰ ਇਹ ਵੀ ਸੱਚ ਹੈ ਕਿ ਦੋਵਾਂ ਦੀਆਂ ਜਾਨਾਂ ਇੱਕ ਦੂਜੇ ਵਿੱਚ ਵੱਸਦੀਆਂ ਨੇ ਭਾਵੇਂ ਪਰੀ ਉਹ ਆਪਣੇ ਪਿਤਾ ਦੀ ਹੁੰਦੀ ਹੈ ਪਰ ਚੰਗੇ-ਮਾੜੇ ਦੀ ਪਰਖ ਕਰਨੀ ਤਾਂ ਮਾਂ ਹੀ ਸਿਖਾਉਂਦੀ ਹੈ। ਜਦੋਂ ਉਹ ਵਿਆਹੀ ਜਾਂਦੀ ਹੈ, ਉਦੋਂ ਧੀ ਮਾਂ ਦੀ ਸਿੱਖਿਆ ਨਾਲ ਲੈ ਕੇ ਜਾਂਦੀ ਹੈ।

ਮੈਨੂੰ ਕਿਸੇ ਹੋਰ ਸਵਰਗ ਦਾ ਤਾਂ ਨਹੀਂ ਪਤਾ, ਕਿਉਂਕਿ ਮੈਂ ਤਾਂ ਮਾਂ ਦੇ ਪੈਰਾਂ ਹੇਠ ਹੀ ਸਵਰਗ ਮੰਨਦੀ ਹਾਂ। ਜਿਹੜਾ ਵੀ ਮਾਂ ਦੀ ਮਮਤਾ ਨੂੰ ਭੁੱਲ ਜਾਂਦਾ ਹੈ ਉਹ ਜ਼ਿੰਦਗੀ 'ਚ ਦੁੱਖ ਹੀ ਦੁੱਖ ਪਾਉਂਦਾ ਹੈ। ਲੋਕਾਂ ਦੀ ਸੋਚ 'ਚ ਪਿਆਰ ਦਾ ਮਤਲਬ ਸਿਰਫ਼ ਮੁੰਡੇ ਅਤੇ ਕੁੜੀ ਦੇ ਪਿਆਰ ਨਾਲ ਰਹਿ ਗਿਆ ਹੈ, ਲੋਕ ਭੁੱਲਦੇ ਜਾ ਰਹੇ ਨੇ ਕਿ ਇਨਸਾਨ ਨੂੰ ਪਹਿਲਾ ਨਿਰਸਵਾਰਥ ਅਤੇ ਸੱਚਾ ਪਿਆਰ ਸਿਰਫ਼ ਅਤੇ ਸਿਰਫ਼ ਆਪਣੇ ਮਾਤਾ-ਪਿਤਾ ਤੋਂ ਹੀ ਮਿਲਦਾ ਹੈ। ਉਹ ਬਸ ਮਾਂ ਹੀ ਹੈ ਜਿਸਦਾ ਪਿਆਰ ਕਦੇ ਖਤਮ ਨਹੀਂ ਹੁੰਦਾ। ਮੈਨੂੰ ਦੁਨੀਆ 'ਚ ਸਭ ਤੋਂ ਕੀਮਤੀ ਮੇਰੀ ਮਾਂ ਲੱਗਦੀ ਹੈ। ਮਾਂ ਦਾ ਪਿਆਰ ਅੰਨਾ ਹੁੰਦਾ ਹੈ ਕਿਉਂਕਿ ਮਾਂ ਨੇ ਸਾਡਾ ਚਿਹਰਾ ਦੇਖਣ ਤੋਂ ਪਹਿਲਾਂ ਹੀ ਸਾਡੇ ਨਾਲ ਪਿਆਰ ਕਰਨਾ ਸ਼ੁਰੂ ਕਰ ਦਿੱਤਾ ਸੀ। ਮਾਂ ਭਾਵੇਂ ਅਨਪੜ੍ਹ ਹੀ ਹੋਵੇ ਪਰ ਸੰਸਾਰ ਦਾ ਜਰੂਰੀ ਗਿਆਨ ਮਾਂ ਤੋਂ ਹੀ ਮਿਲਦਾ ਹੈ। ਉਸ ਇਨਸਾਨ ਨਾਲ ਕਦੇ ਨਾ ਦੋਸਤੀ ਕਰੋ, ਜੋ ਆਪਣੀ ਮਾਂ ਨਾਲ ਉੱਚੀ ਅਵਾਜ਼ ਵਿੱਚ ਗੱਲ ਕਰਦਾ ਹੈ। ਮਾਂ-ਧੀ ਦੇ ਦਿਲ ਦੀ ਗੱਲ ਵੀ ਆਪਣੇ ਆਪ ਸਮਝ ਲੈਂਦੀ ਹੈ।

ਜਿਨ੍ਹਾਂ ਕਰਕੇ ਇਹ ਦੁਨੀਆ ਵੇਖੀ,
ਉਹ ਰਹਿਣ ਸਲਾਮਤ ਮਾਵਾਂ।
ਮਾਂ ਮੈਂ ਦੁਨੀਆ ਦੀ ਸਾਰੀ ਰੌਣਕ ਵੇਖ ਲਈ ਆ,
ਪਰ ਜੋ ਸਕੂਨ ਤੇਰੀ ਗੋਦੀ 'ਚ ਹੈ ਉਹ ਕਿਤੇ ਵੀ ਨਹੀਂ।

ਦੋਸਤੋ ਆਪਾਂ ਦੁਨੀਆ ਤੇ ਰਾਜ ਹੀ ਕਿਉਂ ਨਾ ਕਰਨ ਲੱਗ ਜਾਈਏ ਪਰ ਮਾਂ ਦਾ ਕਰਜ ਕਦੇ ਨਹੀਂ ਉਤਾਰ ਕਰਦੇ। ਸਾਨੂੰ ਚਾਹੀਦਾ ਹੈ ਕਿ ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰੀਏ ਅਤੇ ਆਪਣੇ ਰੱਬ ਵਰਗੇ ਮਾਪਿਆਂ ਦਾ ਸਹਾਰਾ ਬਣੀਏ। ਰੱਬਾ ਤੇਰੇ ਅੱਗੇ ਇੱਕ ਅਰਦਾਸ ਹੈ ਕਿ ਮੈਂ ਭਾਵੇਂ ਰਹਾਂ ਚਾਹੇ ਨਾ ਰਹਾਂ ਪਰ ਮੇਰੀ ਮਾਂ ਦੀ ਖਿਆਲ ਜ਼ਰੂਰ ਰੱਖੀ।

ਵਾਹਿਗੁਰੂ ਦਾ ਸਭ ਤੋਂ ਅਨਮੋਲ ਤੋਹਫ਼ਾ ਮੇਰੀ ਮਾਂ ਹੈ।

**ਸਿਮਰਨਜੀਤ ਕੌਰ**
**ਐਮ.ਏ. ਪੰਜਾਬੀ ਭਾਗ ਪਹਿਲਾ**

# ਅੱਲ੍ਹਾ ਕੇ ਨਾਮ ਪੇ...

**ਅੱਲ੍ਹਾ ਕੇ ਨਾਮ ਪੇ ਕੁਝ ਦੇ ਦੋ, ਏ ਮਾਈ! ਮੈਨੇ ਤਿੰਨ ਦਿਨ ਸੇ ਕੁਝ ਨਹੀਂ ਖਾਇਆ,ਪਰਮਾਤਮਾ ਤੈਨੂੰ ਲੰਬੀ ਉਮਰ ਦੇਵੇਗਾ।**

ਉਪਰੋਕਤ ਵਾਕ ਤੁਸੀਂ ਕਿਹੜੇ ਲੋਕਾਂ ਦੇ ਮੂੰਹੋਂ ਸੁਣਦੇ ਹੋ, ਇਹ ਤਾਂ ਤੁਸੀਂ ਸਮਝ ਹੀ ਗਏ ਹੋਵੋਗੇ। ਹਾਂ, ਇਹ ਗੱਲ ਭਿਖਾਰੀਆਂ ਬਾਰੇ ਹੀ ਕੀਤੀ ਜਾ ਰਹੀ ਹੈ। ਦੂਜੇ ਸ਼ਬਦਾਂ ਵਿੱਚ ਉਹਨਾਂ ਲੋਕਾਂ ਬਾਰੇ, ਜਿੰਨ੍ਹਾਂ ਕੋਲ ਆਪਣਾ ਪੇਟ ਭਰਨ ਲਈ ਕੋਈ ਰੁਜ਼ਗਾਰ ਨਹੀਂ ਹੁੰਦਾ ਤੇ ਉਹ ਆਪਣਾ ਆਤਮ ਸਨਮਾਨ ਪੈਰਾਂ ਹੇਠ ਦਬਾ ਕੇ ਦੂਜਿਆਂ ਅੱਗੇ ਹੱਥ ਫੈਲਾਉਂਦੇ ਹਨ ਇਸ ਉਮੀਦ ਵਿੱਚ ਕਿ ਉਹਨਾਂ ਨੂੰ ਕੁੱਝ ਨਾ ਕੁੱਝ ਜ਼ਰੂਰ ਮਿਲੇਗਾ।

ਇਹਨਾਂ ਲੋਕਾਂ ਦਾ ਜੀਵਨ ਬਹੁਤ ਮੁਸ਼ਕਿਲਾਂ ਵਾਲਾ ਹੁੰਦਾ ਹੈ। ਇਹ ਲੋਕੀ ਸਵੇਰੇ ਉਠਦੇ ਸਾਰ ਹੀ ਸੋਚਦੇ ਹਨ ਕਿ ਅੱਜ ਖਾਣਾ ਮਿਲੇਗਾ ਕਿ ਨਹੀਂ। ਇਹਨਾਂ ਲੋਕਾਂ ਕੋਲ ਰਹਿਣ ਲਈ ਕੋਈ ਮਕਾਨ ਨਹੀਂ, ਪਾਉਣ ਲਈ ਕੱਪੜੇ ਨਹੀਂ ਤੇ ਦੋ ਵਕਤ ਦੀ ਰੋਟੀ ਦਾ ਕੋਈ ਸਾਧਨ ਨਹੀਂ ਹੁੰਦਾ।

ਜਦ ਇੱਕ ਭਿਖਾਰੀ ਦਾ ਬੱਚਾ ਕੱਪੜੇ ਵਾਲੀ ਦੁਕਾਨ ਦੇ ਬਾਹਰ ਖੜ੍ਹਾ ਹੋ ਕੇ ਸੋਚਦਾ ਹੈ ਕਿ ਇਹ ਕੱਪੜੇ ਉਹ ਵੀ ਪਾਉਣਾ ਚਾਹੁੰਦਾ ਹੈ ਪਰ ਉਸਦੇ ਨਾਲ ਵਾਲਾ ਕਹਿੰਦਾ ਹੈ ਕਿ ਇਹ ਕੱਪੜੇ ਆਪਣੇ ਵਾਸਤੇ ਨਹੀਂ ਹਨ। ਇਸ ਤਰ੍ਹਾਂ ਉਹਨਾਂ ਦੀ ਉਮੀਦ ਟੁੱਟਦੀ ਰਹਿੰਦੀ ਹੈ ਤੇ ਉਹਨਾਂ ਦੇ ਮਨ ਵਿੱਚ ਇਹ ਗੱਲ ਬੈਠ ਜਾਂਦੀ ਹੈ ਕਿ ਇਹ ਚੀਜ਼ਾਂ ਇੱਕ ਭਿਖਾਰੀ ਲਈ ਨਹੀਂ ਹੁੰਦੀਆਂ।

ਹਰ ਪਾਸੇ ਇਹਨਾਂ ਨੂੰ ਤ੍ਰਿਸਕਾਰ ਭਰੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ ਇਹਨਾਂ ਨੂੰ ਬਹੁਤ ਬੇਇਜ਼ਤੀ ਦਾ ਸ੍ਹਾਮਣਾ ਕਰਨਾ ਪੈਂਦਾ ਹੈ। ਜਦ ਵੀ ਕੋਈ ਭਿਖਾਰੀ ਸਾਡੇ ਤੋਂ ਭੀਖ ਮੰਗਦਾ ਹੈ, ਅਸੀਂ ਸੋਚਦੇ ਹਾਂ ਕਿ ਚੰਗੇ-ਭਲੇ ਹੱਥ ਪੈਰ ਹੋਣ ਦੇ ਬਾਵਜੂਦ ਇਹ ਇਸ ਤਰ੍ਹਾਂ ਦਾ ਕੰਮ ਕਰਦਾ ਹੈ ਪਰ ਕੋਈ ਵੀ ਵਿਅਕਤੀ ਉਹ ਕੰਮ ਨਹੀਂ ਕਰਨਾ ਚਾਹੁੰਦਾ ਜਿਸ ਵਿੱਚ ਉਸਦੀ ਹਰ ਕਦਮ 'ਤੇ ਬੇਇਜ਼ਤੀ ਹੋਵੇ ਪਰ ਹਾਲਾਤ ਉਸ ਨੂੰ ਇਸ ਤਰ੍ਹਾਂ ਕਰਨ ਲਈ ਮਜ਼ਬੂਰ ਕਰ ਦਿੰਦੇ ਹਨ।

ਇਹ ਉਹ ਸਮੱਸਿਆ ਹੈ ਜਿਸ ਬਾਰੇ ਸਰਕਾਰਾਂ ਸੋਚਦੀਆਂ ਹਨ ਪਰ ਕਰਦੀਆਂ ਕੁੱਝ ਨਹੀਂ ਹਨ। ਉਹਨਾਂ ਦਾ ਕਹਿਣਾ ਇਹ ਹੈ ਕਿ ਸਾਨੂੰ ਭੀਖ ਨਹੀਂ ਦੇਣੀ ਚਾਹੀਦੀ ਪਰ ਇਹ ਸਮੱਸਿਆ ਦਾ ਹੱਲ ਨਹੀਂ ਹੈ। ਭਿਖਾਰੀਆਂ ਦਾ ਪੇਟ ਭਰਨ ਦਾ ਸਾਧਨ ਹੀ ਭੀਖ-ਮੰਗਣਾ ਹੈ। ਇਸ ਲਈ ਸਾਨੂੰ ਉਹਨਾਂ ਦਾ ਜੀਵਨ ਪੱਧਰ ਉੱਚਾ ਚੁੱਕਣਾ ਚਾਹੀਦਾ ਹੈ।

ਇਹਨਾਂ ਦਾ ਜੀਵਨ ਪੱਧਰ ਉੱਚਾ ਕਰਨ ਲਈ ਸਭ ਤੋਂ ਪਹਿਲਾਂ ਸਾਨੂੰ ਇਹਨਾਂ ਦੇ ਬੱਚਿਆਂ ਨੂੰ ਸਿੱਖਿਆ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਜੋ ਉਹ ਪੜ੍ਹ-ਲਿਖ ਕੇ ਆਪਣੇ ਪੈਰਾਂ 'ਤੇ ਖੜ੍ਹਨ ਦੇ ਸਮਰੱਥ ਹੋ ਸਕਣ ਤੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਵੀ ਸਿੱਖਿਆ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰ ਸਕਣ।

ਦੂਜਾ, ਸਾਨੂੰ ਇਹਨਾਂ ਨੂੰ ਦੱਸਣਾ ਚਾਹੀਦਾ ਹੈ ਕਿ ਅੱਜਕੱਲ ਹੱਥ ਦੇ ਹੁਨਰ ਕਾਰਨ ਵੀ ਬਹੁਤ ਰੁਜ਼ਗਾਰ ਮਿਲ ਸਕਦੇ ਹਨ। ਸਾਨੂੰ ਇਹਨਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਕਿ ਇਹ ਆਪਣਾ ਜੀਵਨ ਪੱਧਰ ਕਿਵੇਂ ਉੱਚਾ ਕਰ ਸਕਦੇ ਹਨ। ਆਪਣੇ ਹਰ ਇੱਕ ਸਪਨੇ ਨੂੰ ਪੂਰਾ ਕਰ ਸਕਦੇ ਹਨ। ਇਹ ਵੀ ਦੱਸਣਾ ਬਹੁਤ ਜ਼ਰੂਰੀ ਹੈ ਕਿ ਕੋਈ ਵੀ ਜਨਮ ਤੋਂ ਭਿਖਾਰੀ ਬਣ ਕੇ ਪੈਦਾ ਨਹੀਂ ਹੁੰਦਾ ਸਗੋਂ ਉਸਦੇ ਹਾਲਾਤ ਉਸ ਨੂੰ ਅਜਿਹਾ ਬਣਾ ਦਿੰਦੇ ਹਨ। ਇਸ ਲਈ ਉਹ ਆਪਣੀ ਹਾਲਾਤ ਨੂੰ ਸੁਧਾਰ ਸਕਦਾ ਹੈ।

**ਸਕੀਨਾ**
**ਬੀ.ਕਾਮ. ਭਾਗ ਪਹਿਲਾ**

## .ਗਜ਼ਲ

ਅਜੇ ਵੀ ਆਪਣੇ ਅੰਦਰ ਹੀ ਆਪਣੀ ਭਾਲ ਚੱਲੇ
ਵੈਰਾਗੀ ਮਨ ਅਤੇ ਨੈਣਾਂ ਦਾ ਉਹੀਓ ਹਾਲ ਚੱਲੇ
ਉਮਰ ਦੇ ਆਖਰੀ ਪੰਧ ਤੇ ਬੜਾ ਪਛਤਾਅ ਰਿਹੈ ਉਹ
ਮੁਹੱਬਤ ਸਮਝ ਆਈ ਜਦ ਜਵਾਨੀ ਗਾਲ ਚੱਲੇ
ਜੋ ਤੇਰੇ ਨਾਲ ਨੇ ਗੁਜ਼ਰੇ ਤੂੰ ਸੱਚ ਜਾਣੀ ਸਦਾ ਹੀ
ਹਮੇਸ਼ਾਂ ਨਾਲ ਮੇਰੇ ਦਿਨ ਮਹੀਨੇ ਸਾਲ ਚੱਲੇ
ਬੜੇ ਮੌਕੇ ਨੇ ਆਏ ਝੂਠ ਨੇ ਜਦ ਰਸਤੇ ਰੋਕੇ
ਕਦਮ ਰੁਕਦੇ ਕਦੋਂ ਜਦ ਸੱਚ ਦੀ ਸੰਗ ਢਾਲ ਚੱਲੇ
ਇਹ ਮੱਛੀ ਜਾਣਦੀ ਕੁਝ ਵੀ ਨਹੀਂ, ਪਾਗਲ ਨਾ ਹੋਵੇ
ਸ਼ਿਕਾਰੀ ਹੱਥੋਂ ਖਾਲੀ ਜ਼ਿਹਨ ਵਿਚ ਤਾਂ ਜਾਲ ਚੱਲੇ
ਹਨੇਰਾ ਹੈ ਬੜਾ ਸਭ ਜਾਣਦੇ ਹੋਏ ਵੀ ਯਾਰੋ
ਜ਼ਮੀਰਾਂ ਰੱਖਦੇ ਲੋਕੀ ਨੇ ਦੀਵੇ ਬਾਲ ਚੱਲੇ

**ਪ੍ਰੋ. ਹਰਮਨ ਸਿੰਘ**
**ਪੰਜਾਬ ਵਿਭਾਗ**

## ਚਿੱਟਾ ਲਹੂ

ਪੈਸਾ ਮਿੱਠਾ ਹੋ ਗਿਆ ਏ
ਪਿਆਰ ਫਿੱਕਾ ਹੋ ਗਿਆ ਏ
ਦੁੱਧ ਕਾਲਾ ਹੋ ਗਿਆ ਏ
ਲਹੂ ਚਿੱਟਾ ਹੋ ਗਿਆ ਏ
ਮਕਾਨ ਬਣਾਉਣ ਵਾਲਿਆ ਦੀਆਂ
ਟੁੱਟੀਆਂ ਬਸਤੀਆਂ ਹੋ ਗਈਆ ਨੇ
ਜਮੀਨਾਂ ਮਹਿੰਗੀਆਂ ਹੋ ਗਈਆ ਨੇ
ਜ਼ਮੀਰਾਂ ਸਸਤੀਆਂ ਹੋ ਗਈਆ ਨੇ
ਦਿਲ ਬੇ-ਇਮਾਨ ਹੋ ਗਏ ਨੇ
ਘਰ ਮਕਾਨ ਹੋ ਗਏ ਨੇ
ਵਿਹੜੇ ਸੁਨਸਾਨ ਹੋ ਗਏ ਨੇ
ਅੱਖਾਂ ਦੇ ਪਾਣੀ ਮਰ ਗਏ ਨੇ
ਅਸਲੀ ਹਾਸੇ ਮਰ ਗਏ ਨੇ
ਵੇਖੀ ਜਦ ਪਿਆਸ ਮਨੁੱਖ ਦੀ
ਸਾਗਰ ਵੀ ਡਰ ਗਏ ਨੇ
ਔਖੇ ਵੇਲੇ ਸਤਨਾਮ ਸਿਆਂ
ਇਹ ਦੁਸ਼ਮਣ ਸਾਏ ਹੋ ਗਏ
ਪੈਸਾ ਮਿੱਠਾ ਹੋ ਗਿਆ ਏ
ਪਿਆਰ ਫਿੱਕਾ ਹੋ ਗਿਆ ਏ
ਦੁੱਧ ਕਾਲਾ ਹੋ ਗਿਆ ਏ
ਲਹੂ ਚਿੱਟਾ ਹੋ ਗਿਆ ਏ

**ਸਤਨਾਮ ਸਿੰਘ**
**ਐਮ.ਏ.ਭਾਗ-ਪਹਿਲਾ**

## ਮੌਤ (ਸਰਦਾਰ ਭਗਤ ਸਿੰਘ ਦੇ ਨਾਮ)

1. ਰਸਤਿਆਂ ਵਿੱਚ ਆਉਂਦੀਆਂ ਰੁਕਾਵਟਾਂ ਨੂੰ
ਪਾਣੀ ਚ ਘੋਲ ਕੇ ਪੀ ਜਾਵਾਂਗੇ
ਜ਼ਿੰਦਗੀ ਨੂੰ ਜਿਊਣ ਦੇ ਜਨੂੰਨ ਵਿਚ
ਮੌਤ ਨੂੰ ਵੀ ਜੀਅ ਜਾਵਾਂਗੇ

2. ਬੇਸ਼ੱਕ ਪਤਾ ਏ ਹਨੇਰੀਆਂ ਆਉਣਗੀਆਂ
ਅਸੀਂ ਫੇਰ ਵੀ ਸ਼ੌਕ ਦੇ ਦੀਵੇ ਜਗਾਵਾਂਗੇ
ਜ਼ਿੰਦਗੀ ਨੂੰ ਜਿਊਣ ਦੇ ਜਨੂੰਨ ਵਿਚ
ਮੌਤ ਨੂੰ ਵੀ ਜੀਅ ਜਾਵਾਂਗੇ

3. ਆਓ ਧਰਤੀ 'ਤੇ ਪੈ ਰਹੀਆਂ
ਕਿਰਨਾਂ ਵਾਂਗ ਇਕੱਠੇ ਹੋ ਜਾਈਏ
ਜੱਗ ਤੋਂ ਹਨੇਰੀ ਰਾਤ ਨੂੰ ਸਭ ਮਿਲ ਕੇ ਮਿਟਾਵਾਂਗੇ
ਜ਼ਿੰਦਗੀ ਨੂੰ ਜਿਊਣ ਦੇ ਜਨੂੰਨ ਵਿਚ
ਮੌਤ ਨੂੰ ਵੀ ਜੀਅ ਜਾਵਾਂਗੇ

4. ਜਿਊਣ ਵਾਲੇ ਪਛਤਾਉਣਗੇ
ਮਰਨ ਵਾਲੇ ਮੁਸਕਰਾਉਣਗੇ
ਸਾਹਮਣੇ ਲਟਕ ਰਹੀ ਮੌਤ ਨੂੰ
ਜਦ ਚੁੰਮ ਕੇ ਗਲ ਚ ਪਾਵਾਂਗੇ
ਜ਼ਿੰਦਗੀ ਨੂੰ ਜਿਊਣ ਦੇ ਜਨੂੰਨ ਵਿਚ
ਮੌਤ ਨੂੰ ਵੀ ਜੀਅ ਜਾਵਾਂਗੇ

5. ਮਿਟਾਉਣ ਵਾਲਿਆਂ ਦਾ ਨਾਮੋ ਨਿਸ਼ਾਨ ਮਿਟ ਜਾਣਾ
ਸਾਡੀ ਮਰ ਗਿਆ ਦੀ ਯਾਦ ਨਈ ਮਰਨੀ
ਤੂੰ ਵੇਖੀਂ ਤਾਂ ਸਤਨਾਮ ਸਿਆਂ
ਐਸਾ ਇਤਿਹਾਸ ਦੁਹਰਾਵਾਂਗੇ।

**ਸਤਨਾਮ ਸਿੰਘ**
**ਐਮ.ਏ.ਭਾਗ ਪਹਿਲਾ**